ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ

## ਮਾਨਯਵਰ ਬਾਊ ਮਲ ਸਿੰਘ ਜੀ

ਮਾਨਯਵਰ ਭਾ: ਸਾ: ਰਣਧੀਰ ਸਿੰਘ ਜੀ ਦੇ ਥਾਪੇ ਹੋਏ ਅਖੰਡ ਕੀਰਤਨੀ ਜੱਥੇ ਦੇ ਜੱਥੇਦਾਰ



੯੯ ਸਾਲ ਦੀ ਬਿਰਧ ਅਵਸਥਾ ਵਿਚ ਸ਼ਹੀਦੀ ਸਾਕੇ ਦੀ ਸੋਅ ਸੁਣ ਕੇ ਤਰਨ ਤਾਰਨ ਤੋਂ ਧਾਅ ਕੇ ਪੁਜੇ ਅਤੇ ਹੋਰ ਸਿੰਘਾਂ ਦੇ ਵਿਚਕਾਰ ਅਰਦਾਸ ਰੂਪ ਵਿਚ ਖੜੇ ਵਿਸਾਖੀ ਦੇ ਸ਼ਹੀਦਾਂ ਦੇ ਅੰਤਮ ਦਰਸ਼ਨ ਕਰ ਰਹੇ ਹਨ।

ਅਕਤਬਰ ੧੯੭੯

www.AKJ.Org

ਡੀ.ਪੀ.ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ

ਕਾਨਪੁਰ ਵਿਚ ਵੀ ਨਕਲੀ ਨਿਰੰਕਾਰੀਆਂ ਹਥੋਂ ੧੬ ਸਿੰਘ ਸ਼ਹੀਦ ਅਤੇ ਅਨੇਕਾਂ ਸਿੰਘ ਫੱਟੜ


| | | |
|---|---|---|
| ਕੌਮਾਂ ਸਦਾ ਤੋਂ ਇਵੇਂ ਹੀ ਬਣਦੀਆ ਨੇ (ਕਵਿਤਾ) | ਡਾ: ਜਸਵੰਤ ਸਿੰਘ ਜੀ ਨੇਕੀ | ੩ |
| ਦੁਧਾਰੇ ਖੰਡੇ ਵਾਲਾ ਖਾਲਸਈ ਨਵਖੰਡੀ ਝੰਡਾ | ਭਾਈ ਸਾਹਿਬ ਰਣਧੀਰ ਸਿੰਘ ਜੀ | ੪ |
| ਸਬਦੁ ਗੁਰੁ ਪੀਰਾ ਗਹਿਰ ਗੰਭੀਰਾ | ਸ: ਪਸ਼ੌਰਾ ਸਿੰਘ ਜੀ, ਨਵੀਂ ਦਿਲੀ | ੫ |
| ਖ਼ਾਲਸਾ ਜੀ ਹੁਸਿਆਰ ਹੋ ਜਾਓ (ਕਵਿਤਾ) | ਭਾਈ ਭਜਨ ਸਿੰਘ ਜੀ ਭਜਨ | ੧੧ |
| ਜਾਪੁ ਸਾਹਿਬ – ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੧੨ |
| ਮਿਟੀ ਤੋਂ ਵਿਛੋੜ ਨ ਅੜਿਆ (ਕਵਿਤਾ) | ਭਾਈ ਬਲਵੰਤ ਸਿੰਘ ਜੀ ਨੂਰ | ੧੩ |
| ਗੁਰਬਾਣੀ ਦਾ ਸਤਿਕਾਰ | ਸੁਕੈਂਡ੍ਰਨ ਲੀਡਰ ਭਾ: ਰਾਮ ਸਿੰਘ ਜੀ | ੧੪ |
| ਧੰਨ ਗੁਰੂ ਗ੍ਰੰਥ ਸਾਹਿਬ ਜੀ (ਕਵਿਤਾ) | ਸ: ਪ੍ਰੀਤਮ ਸਿੰਘ ਜੀ M.A. | ੧੭ |
| ਸਿਖ ਇਸਤ੍ਰੀਆਂ ਤੇ ਦਸਤਾਰ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ | ੧੮ |
| "ਅਉਖਧੁ ਹਰਿ ਕਾ ਨਾਮੁ ਹੈ" (ਹੱਡ-ਬੀਤੀ) | ਭਾਈ ਰਾਮ ਸਿੰਘ ਜੀ, ਨਵੀਂ ਦਿਲੀ | ੨੨ |
| ਰੰਗ-ਰਤੜਾ ਸ਼ਹੀਦ ਭਾਈ ਪਿਆਰਾ ਸਿੰਘ ਜੀ | ਭਾਈ ਗੁਰਚਰਨਜੀਤ ਸਿੰਘ ਜੀ | ੨੫ |
| "ਅਵਤਾਰ ਬਾਣੀ" ਮਿੱਠਾ ਮਹੁਰਾ ਹੈ | ਗਿ: ਕਰਮ ਸਿੰਘ ਜੀ ਭੰਡਾਰੀ | ੩੦ |
| ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ (੩) | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੩੨ |
| ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ | 'ਸੂਰਾ' ਪਰਵਾਰ | ੩੭ |
| ਦੀਵਾਲੀ ਨਾ ਮਨਾਉਣ ਦੀ ਅਪੀਲ | ,, ,, | ੩੮ |
| ਪੰਥਕ ਪ੍ਰੋਗਰਾਮ ਵਿਚ ਪੂਰੀ ਮਿਲਵਰਤਣ | ਅਖੰਡ ਕੀਰਤਨੀ ਜਥਾ | ੩੮ |


---

| | |
|---|---|
| ਗੁਰੂ ਰਾਮਦਾਸ ਜੀ ਅਵਤਾਰ ਧਾਰਿਆ | ੧੮ ਅਕਤੂਬਰ |
| ਗੁਰੂ ਹਰਿ ਰਾਇ ਸਾਹਿਬ ਜੋਤੀ ਜੋਤਿ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਿਆਈ | ੨੫ ਅਕਤੂਬਰ |

## "ਸੂਰਾ" ਮਾਸਕ ਪੱਤਰ ਨੂੰ ਪੂਜੀ ਸਹਾਇਤਾ

ਸ: ਮਹਿਤਾਬ ਸਿੰਘ ਜੀ ਅੰਮ੍ਰਿਤਸਰ ਵਲੋਂ 10-00
ਬੀਬੀ ਕੁਲਵੰਤ ਕੌਰ ਜੀ ਨਰਵਾਣਾ ਵਲੋਂ 21-00
ਸ: ਦਵਿੰਦਰ ਸਿੰਘ ਜੀ ਮੋਗਾ ਅਰਾਹ ਵਲੋਂ 11-00
ਬੀਬੀ ਸੁਸ਼ੀਲ ਕੌਰ ਜੀ ਨਵੀਂ ਦਿਲੀ ਵਲੋਂ ਸ: ਮਹਿੰਦਰ ਪਰਤਾਪ ਸਿੰਘ ਦੀ ਬਰਸੀ ਦੇ ਭੋਗ ਤੇ 11-00
ਸ: ਰਾਬਿੰਦਰ ਸਿੰਘ ਜੀ Deri on Sou ਵਲੋਂ ਭੈਣ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ 11-00
ਸ: ਕਸ਼ਮੀਰਾ ਸਿੰਘ ਜੀ ਫਗਵਾੜਾ ਵਲੋਂ 20-00
ਸਰਦਾਰਨੀ ਹਰਬੰਲ ਸਿੰਘ ਜੀ ਵਲੋਂ 21-00
W. O. ਸਵਰਨ ਸਿੰਘ ਜੀ ਵਲੋਂ 31-00
ਸ: ਮੋਤਾ ਸਿੰਘ ਜੀ ਪਿਲਖੁਹਾ ਵਲੋਂ ਕਾਕਾ ਸਰਦਾਰ ਸਿੰਘ ਦੇ ਅਕਾਲ ਚਲਾਣੇ ਦੀ ਅਰਦਾਸ ਸਮੇਂ 100-00
ਸ: ਅਵਤਾਰ ਸਿੰਘ ਜੀ ਇੰਦੌਰ ਵਲੋਂ ਸ: ਗੁਰਚਰਨ ਸਿੰਘ ਜੀ ਦੇ ਅੰਤਮ ਭੋਗ ਸਮੇਂ 21-00
ਸ: ਸੁਰਜੀਤ ਸਿੰਘ ਜੀ ਨਵੀਂ ਦਿਲੀ ਵਲੋਂ ਡਾ: ਸੁੰਦਰ ਸਿੰਘ ਜੀ ਦੀ ਅੰਤਮ ਯਾਦ ਵਿਚ 10-00
ਅਖੰਡ ਕੀਰਤਨੀ ਜਥਾ ਗਰੇਵਜੈਂਡ ਯੂ.ਕੇ.ਵਲੋਂ 10-00

ਵਾਹਿਗੁਰੂ ਸਭ ਨੂੰ ਨਾਮ ਦਾਨ ਸਿਖੀ ਸਿਦਕ ਤੇ ਚਰਨਾਂ ਦੀ ਪ੍ਰੀਤ ਬਖਸ਼ੇ ।

ਹੇਮਕੂੰਟ ਪ੍ਰਿੰਟਿੰਗ ਪ੍ਰੈਸ,ਬਜ਼ਾਰ ਨੰ: ੬,ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ,ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੩੦.੯.੭੮ ਨੂੰ ਪ੍ਰਕਾਸ਼ਿਤ ਕੀਤਾ ।

www.AKJ.Org

# ਕਾਨਪੁਰ ਵੀ ਨਕਲੀਆਂ ਹਥੋਂ ੧੩ ਸਿੰਘ ਸ਼ਹੀਦ

## ਗੁਰਬਚਨ ਸਿੰਘ ਦੀ ਮੌਜੂਦਗੀ ਵਿਚ ਉਸਦੇ ਗੁੰਡਿਆਂ ਦੀ ਬੁਰਛਾ-ਗਰਦੀ

# ਸੈਂਕੜੇ ਸਿੰਘ ਫਟੜ—ਸ਼ਹਿਰ 'ਚ ਕਰਫ਼ਿਊ ਲਾਗੂ

੨੯ ਸਤੰਬਰ ਨੂੰ ਕਾਨਪੁਰ ਵਿਚ ਵੀ ਅੰਮ੍ਰਿਤਸਰ ਵੈਸਾਖੀ ਦੇ ਖੂਨੀ ਸਾਕੇ ਨੂੰ ਦੁਹਰਾਇਆ ਗਿਆ ਹੈ। ਸੰਗਤਾਂ ਕਾਨਪੁਰ ਗੋਬਿੰਦ ਨਗਰ ਗੁਰਦਵਾਰਾ ਕੀਰਤਨਗੜ੍ਹ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤਿ ਗੁਰਪੁਰਬ ਮਨਾ ਰਹੀਆਂ ਸਨ। ਉਸ ਸਮੇਂ ਗੋਬਿੰਦ ਨਗਰ ਨਕਲੀ ਨਿਰੰਕਾਰੀਆਂ ਨੇ ਆਪਣਾ ਕੁਸੰਗ ਅਰੰਭਿਆ ਹੋਇਆ ਸੀ। ਜਦੋਂ ਸੰਗਤਾਂ ਨੂੰ ਪਤਾ ਲਗਾ ਕਿ ਨਕਲੀ ਨਿਰੰਕਾਰੀ ਆਗੂ ਗੁਰਬਚਨ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸਿਖ ਧਰਮ ਦਾ ਅਪਮਾਨ ਕਰ ਰਿਹਾ ਹੈ ਤਾਂ ਸੰਗਤਾਂ ਪੁਰਅਮਨ ਰੋਸ ਪ੍ਰਗ ਕਰਨ ਲਈ ਕੁਸੰਗ-ਭਵਨ ਵਲ ਗਈਆਂ। ਬੱਚੇ ਤੇ ਬੀਬੀਆਂ ਵੀ ਨਾਲ ਸਨ। ਅਗੋਂ ਨਕਲੀਆਂ ਵਲੋਂ ਅੰਮ੍ਰਿਤਸਰ ਦੇ ਗੋਲੀ ਕਾਂਡ ਨੂੰ ਦੁਹਰਾਇਆ ਗਿਆ ਅਤੇ ਅੰਧਾ-ਧੁੰਧ ਅਸਲਾ ਵਰਤ ਕੇ ਅਨੇਕਾਂ ਸਿੰਘ ਫਟੜ ਕਰ ਦਿਤੇ। ਮੌਕੇ ਤੇ ਹੀ ਕਈ ਸਿੰਘ ਸ਼ਹੀਦੀਆਂ ਪਾ ਗਏ। ਸ਼ਹੀਦਾਂ ਵਿਚ ਇਕ ਬੀਬੀ ਵੀ ਹੈ। ਫਟੜਾਂ ਵਿਚ ਕਈਆਂ ਦੀ ਹਾਲਤ ਬਹੁਤ ਹੀ ਖ਼ਤਰਨਾਕ ਹੈ। ਖ਼ਬਰ ਸੁਣਦੇ ਸਾਰ ਪੰਥਕ ਲੀਡਰ ਅਤੇ ਅਖੰਡ ਕੀਰਤਨੀ ਜਥੇ ਦੇ ਜਥੇਦਾਰ ਹੋਰ ਸਿੰਘਾਂ ਸਮੇਤ ਕਾਨਪੁਰ ਰਵਾਨਾ ਹੋ ਗਏ ਹਨ। ਬਾਅਦ ਵਿਚ ਆਈਆਂ ਖ਼ਬਰਾਂ ਅਨੁਸਾਰ ਸ਼ਹੀਦਾਂ ਦੀ ਗਿਣਤੀ ਕਿਤੇ ਵਧ ਹੈ।

ਅੰਮ੍ਰਤਸਰ ਦੀ ਖੂਨੀ ਘਟਨਾ ਨਾਲ ਹੀ ਸਿਖ ਹਿਰਦੇ ਵਲੂੰਧਰੇ ਪਏ ਸਨ। ਇਸ ਘਟਨਾ ਨੇ ਤਾਂ ਸਿਖ ਹਿਰਦਿਆਂ ਅੰਦਰ ਰੋਹ ਦੇ ਭਾਂਬੜ ਬਾਲ ਦਿਤੇ ਹਨ। ਸਿਖ ਜਨਤਾ ਦੇ ਗਹਿਰੇ ਸਦਮੇ ਤੇ ਭੜਕੇ ਹੋਏ ਜਜ਼ਬਾਤ ਦਾ ਜਾਇਜ਼ਾ ਲੈਂਦੇ ਹੋਏ ਪੰਥਕ ਲੀਡਰਾਂ ਨੂੰ ਇਕ-ਮੁੱਠ ਹੋ ਕੇ ਇਸ ਕੁਫ਼ਰ ਦੀ ਲਹਿਰ ਨੂੰ ਬੰਦ ਕਰਨ ਲਈ ਤੁਰਤ ਕੋਈ ਠੋਸ ਨਿਗਰ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ। ਜਿਥੇ ਅਸੀਂ ਨਕਲੀ ਨਿਰੰਕਾਰੀਆਂ ਦੀਆਂ ਤਸ਼ੱਦਦ ਦੀਆਂ ਕਾਰਵਾਈਆਂ ਦੀ ਨਿਖੇਧੀ ਕਰਦੇ ਹਾਂ, ਤੇ ਉਨ੍ਹਾ ਵਿਰੁਧ ਆਪਣਾ ਰੋਸ ਪਰਗਟ ਕਰਦੇ ਹਾਂ ਉਥੇ ਸਰਕਾਰ ਪਾਸੋਂ ਜੁਡੀਸ਼ਲ ਇਨਕੁਆਰੀ ਦੀ ਮੰਗ ਕਰਦੇ ਹਾਂ। ਅਤੇ ਇਸ ਖਰੂਦੀ ਟੋਲੇ ਤੇ ਕਾਨੂੰਨੀ ਤੌਰ ਤੇ ਪਾਬੰਦੀ ਲਾਣ ਦੀ ਮੰਗ ਕਰਦੇ ਹਾਂ।

## ਕਾਨਪੂਰ (ਯੂ. ਪੀ.) ਵਿਚ ਸਾਲਾਨਾ ਅਖੰਡ ਕੀਰਤਨ ਸਮਾਗਮ

### ੩ ਸਤੰਬਰ ਸ਼ੁਕਰਵਾਰ ਸਵੇਰ ਤੋਂ ੫ ਨਵੰਬਰ ੧੯੭੮ ਐਤਵਾਰ ਸਵੇਰ ਤਕ

ਅਖੰਡ ਕੀਰਤਨੀ ਜੱਥਿਆਂ ਵਿਚ ਕਾਨਪੁਰ ਵਿਖੇ ੩ ਤੋਂ ੫ ਨਵੰਬਰ ਤਕ ਕੀਰਤਨ ਪ੍ਰੋਗਰਾਮ ਹੋ ਰਹੇ ਹਨ। ਸਮੂਹ ਸੰਗਤਾਂ ਵਧ ਤੋਂ ਵਧ ਹਾਜ਼ਰੀਆਂ ਭਰ ਕੇ ਜਨਮ ਸਫ਼ਲ ਕਰੋ ਜੀ। ਇਨ੍ਹਾਂ ਤਰੀਕਾਂ ਤੇ ਯੂ. ਪੀ. ਵਿਚ ਕਿਸੇ ਥਾਂ ਤੇ ਵੀ ਹੋਰ ਪ੍ਰੋਗਰਾਮ ਨਾ ਰਖਿਆ ਜਾਵੇ ਅਤੇ ਸਮੂਹ ਮਾਈ ਭਾਈ ਕਾਨਪੁਰ ਅਪੜਨ ਲਈ ਤਿਆਰੀਆਂ ਅਰੰਭ ਦੇਣ।

ਲੰਗਰ ਰਿਹਾਇਸ਼ ਆਦਿ ਲਈ ਪੁਛੋ—ਭਾਈ ਮੋਹਨ ਸਿੰਘ ਗਾਰਡ, L-150|B, N.E. Rly Colony.
ਅਨਵਰਗੰਜ ਸਟੇਸ਼ਨ, ਕਾਨਪੁਰ।

www.AKJ.Org

# ਸ਼ਹੀਦੀ ਫੰਡ ਲਈ ਮਾਇਆ ਦੇਣ ਲਗਿਆਂ ਧੋਖੇ ਤੋਂ ਬਚੋ

ਮੈਨੂੰ ਭਰੋਸੇ ਯੋਗ ਵਸੀਲਿਆਂ ਰਾਹੀਂ ਪਤਾ ਲਗਾ ਹੈ ਕਿ ਕਈ ਸਜਣ ਮੇਰੇ ਨਾਂ ਤੇ ਜਾਂ ਖ਼ਾਲਸਾ ਫਾਰਮ ਗੁਰਦਾਸਪੁਰ ਦੇ ਨਾਂ ਤੇ ਮਾਇਆ ਇਕੱਤਰ ਕਰ ਰਹੇ ਹਨ। ਮੈਨੂੰ ਜਾਂ ਫਾਰਮ ਨੂੰ ਕਿਸੇ ਮਾਇਕ ਸਹਾਇਤਾ ਦੀ ਲੋੜ ਨਹੀਂ। ਜੋ ਐਸਾ ਕਰ ਰਹੇ ਹਨ, ਉਹ ਸਵਾਰਥ-ਸਿਧੀ ਦੇ ਇਲਾਵਾ ਧੋਖਾ ਕਰ ਰਹੇ ਹਨ। ਸੰਗਤਾਂ ਸਾਵਧਾਨ ਹੋਣ ਤੇ ਮੇਰੇ ਜਾਂ ਫ਼ਾਰਮ ਦੇ ਨਾਂ ਤੇ ਕਿਸੇ ਵੀ ਸਜਣ ਨੂੰ ਮਾਇਆ ਨਾ ਦੇਣ।

ਅਮਰਜੀਤ ਕੌਰ ਸੁਪਤਨੀ ਸ਼ਹੀਦ ਭਾ: ਫੌਜਾ ਸਿੰਘ ਜੀ

# ਸ਼ਹੀਦੀ ਫੰਡ ਬਾਰੇ ਸੰਗਤਾਂ ਨੂੰ ਜੋਦੜੀ

ਜਥੇਦਾਰ ਸਾਹਿਬ ਅਖੰਡ ਕੀਰਤਨੀ ਜਥਾ ਪਾਸੋਂ ਪਰਦੇਸ ਤੋਂ ਪੁਛਿਆ ਜਾ ਰਿਹਾ ਹੈ ਕਿ ਉਨ੍ਹਾਂ ਨੇ ਕਿਸੇ ਵਿਅਕਤੀ ਰਾਹੀਂ ਸ਼ਹੀਦੀ ਫ਼ੰਡ ਲਈ ਮਾਇਆ ਭੇਜੀ ਹੈ, ਉਨ੍ਹਾਂ ਦਾ ਨਾਂ ਤੇ ਮਾਇਆ ਦਾ ਵੇਰਵਾ 'ਸੂਰਾ' ਪੱਤਰ ਵਿਚ ਸ਼ਹੀਦੀ ਫ਼ੰਡ ਦੇ ਹਿਸਾਬ ਕਿਤਾਬ ਵਿਚ ਕਿਉਂ ਨਹੀਂ ਛਾਪਿਆ ਗਿਆ।

ਬੇਨਤੀ ਹੈ ਕਿ ਸ਼ਹੀਦੀ-ਫ਼ੰਡ ਦੀ ਜੋ ਮਾਇਆ 'ਅਖੰਡ ਕੀਰਤਨੀ ਜਥਾ' ਦੇ ਨਾਮ ਤੇ ਪੁਜਦੀ ਹੈ ਉਸ ਦਾ ਵੇਰਵਾ 'ਸੂਰਾ' ਮਾਸਕ ਪੱਤਰ ਦੇ ਵਿਚ ਦਿਤਾ ਜਾਂਦਾ ਹੈ। ਜਿਹੜੀ ਮਾਇਆ 'ਅਖੰਡ ਕੀਰਤਨੀ ਜਥਾ' ਮ/ਤ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਪਾਸ ਨਹੀਂ ਪੁਜਦੀ, ਉਹ 'ਸੂਰਾ' ਪੱਤਰ ਵਿਚ ਨਹੀਂ ਛਪਦੀ। ਜਿਨ੍ਹਾਂ ਪਿਆਰਿਆਂ ਨੇ ਮਾਇਆ ਕਿਸੇ ਖ਼ਾਸ ਵਿਅਕਤੀ ਦੇ ਨਾਮ ਭੇਜੀ ਹੈ, ਉਸ ਬਾਰੇ ਅਸੀਂ ਕੁਝ ਨਹੀਂ ਜਾਣਦੇ।

ਦਾਸਰਾ—ਮੈਨੇਜਰ—'ਸੂਰਾ' ਮਾਸਕ ਪੱਤਰ, ਅੰਮ੍ਰਿਤਸਰ

---

# ਬਾਬਾ ਬਕਾਲਾ ਵਿਖੇ ਰੈਣ ਸਬਾਈ ਕੀਰਤਨ

੧੪ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਭਾ: ਪ੍ਰਭਜੀਤ ਸਿੰਘ ਸਪੁੱਤਰ ਡਾ: ਸੋਹਨ ਸਿੰਘ ਜੀ ਦੇ ਗ੍ਰਹਿ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਗੁਰਸਿਖ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

---

**ਰਿਸ਼ਤੇ ਨਾਤੇ**—ਲੋੜਵੰਦ ਸੱਜਣ ਚਿੱਠੀ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਲਿਖਣ ਅਤੇ ਲਫ਼ਾਫੇ ਦੇ ਬਾਹਰ ਫ਼ਾਰਮ ਨੰ: ਜ਼ਰੂਰ ਲਿਖਣ। ਕੇਵਲ ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ।

ਫ਼ਾਰਮ ਨੰ: ੭੬—ਇਕ ੨੩ ਸਾਲਾ ਅਠਵੀਂ ਪਾਸ ਬੀਬੀ ਸਲਾਈ ਸਿਖੀ ਹੋਈ, ਅੰਮ੍ਰਿਤਧਾਰੀ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੭੭—ਇਕ ੨੨ ਸਾਲਾ ਅੰਮ੍ਰਿਤਧਾਰੀ ਮੈਟਰਿਕ ਪਾਸ ਨਿਤਨੇਮਣ ਬੀਬੀ ਕੇਸਕੀ ਸਹਿਤ ਕਦ ੫ ਫੁਟ ਢਾਈ ਇੰਚ ਲਈ ਗੁਰਮੁਖ ਵਰ ਦੀ ਲੋੜ ਹੈ।

ਫ਼ਾਰਮ ਨੰ: ੭੮—ਇਕ ੨੭ ਸਾਲਾ ਤਿਆਰ-ਬਰ-ਤਿਆਰ M.Sc. ਲੈਕਚਰਾਰ ਕਦ ੫ ਫੁਟ ੭ ਇੰਚ ਜ਼ਿਮੀਦਾਰ ਅਖੰਡਪਾਠੀ, ਗੌਰਮਿੰਟ ਸਰਵਿਸ, ਲਈ ਪੇਂਡੂ ਵਾਤਾਵਰਨ ਦੀ ਗਰੈਜੂਏਟ, ਨੌਕਰੀ ਤੇ ਲਗੀ ਹੋਈ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘਣੀ ਦੀ ਲੋੜ ਹੈ।

ਫ਼ਾਰਮ ਨੰ: ੭੯—ਅੰਮ੍ਰਿਧਾਰੀ ਬੀਬੀ, ਉਮਰ ੨੫ ਸਾਲ, ਕੱਦ ਪੌਣੇ ਪੰਜ ਫੁਟ, ਵਿਦਿਆ M.A., B Ed. ਲਈ ਯੋਗ ਵਰ ਦੀ ਲੋੜ ਹੈ, ਜੋ ਕੰਮ ਕਾਰ ਕਰ ਰਿਹਾ ਹੋਵੇ। ਬੀਬੀ ਰੰਧਾਵਾ ਪਰਵਾਰ ਨਾਲ ਸਬੰਧ ਰਖਦੀ ਹੈ।

www.AKJ.Org

# ਸ਼ਹੀਦੀ ਫ਼ੰਡ—ਹਿਸਾਬ ਕਿਤਾਬ ਦਾ ਚਿੱਠਾ

'ਸੂਰਾ' ਪੱਤਰ ਸਤੰਬਰ ਵਿਚ ਦਿਤੇ ਹਿਸਾਬ ਤੋਂ ਅਗੇ ਹਿਸਾਬ ਹੇਠ ਲਿਖੇ ਅਨੁਸਾਰ ਹੈ ।

ਭੁਲ ਦੀ ਸੋਧ— (੧) ਅਗਸਤ ਦਾ ਚਿੱਠੇ ਵਿਚ ਖ਼ਰਚ ਦੋ ਸੌ ਰੁਪਏ ਭਾ: ਫ਼ੌਜਾ ਸਿੰਘ ਪ੍ਰਵਾਰ ਦੀ ਥਾਂ ਫੁਟਕਲ ਖਰਚ ਪੜ੍ਹੋ (੨) ਸਤੰਬਰ ਦੇ ਚਿੱਠੇ ਵਿਚ ਆਮਦਨ ਆਖ਼ਰੀ ਰਕਮ ਬੀ: ਊਧਮ ਕੌਰ ਨਵੀਂ ਦਿਲੀ ਪੰਜ ਸੌ ਰੁਪਏ ਪੜ੍ਹੋ ।

## ਆਮਦਨ

| | |
|---|---|
| ਸ: ਮੋਹਨ ਸਿੰਘ ਜੀ ਫਰੀਦਾਬਾਦ | ੫੧-੦ |
| ਅਖੰਡ ਕੀਰਤਨੀ ਜਥਾ ਕਪੂਰਥਲਾ | ੪੦੦-੦ |
| ਭਾਈ ਗੁਰਬਖਸ਼ ਸਿੰਘ ਜੀ ਕਪੂਰਥਲਾ | ੫੦੦-੦ |
| ਇਕ ਪ੍ਰੇਮੀ ਜੀ | ੫੦੦-੦ |
| ਭਾਈ ਤੀਰਥ ਸਿੰਘ ਜੀ ਦਿਲੀ | ੨੦੦-੦ |
| ਇਸਤ੍ਰੀ ਸਤਸੰਗ ਬੜੀ ਉਮਤੀ ਗੁ: ਕਲਕਤਾ | ੩੪੧-੦ |
| ਸ: ਅਨੰਦ ਸਿੰਘ ਜੀ ਅਲਾਹਬਾਦ | ੧੦੦-੦ |
| S.P. P. Singh Khadki (Pune) | ੫੦-੦ |
| ਡਾ: ਦਲਬੀਰ ਸਿੰਘ ਜੀ ਦਿਲੀ | ੩੦-੦ |
| ਅਖੰਡ ਕੀਰਤਨੀ ਜਥਾ ਜੰਮੂ | ੫੦੦-੦ |
| ਸ: ਸੰਤ ਸਿੰਘ ਮੰਗਲ ਸਿੰਘ ਜੰਮੂ | ੩੬-੦ |
| ਸ੍ਰੀ ਘਨਸ਼ਾਮ ਦਾਸ ਜੀ ਫਰੀਦਾਬਾਦ | ੫੧-੦ |
| ਬੀਬੀ ਅਮਰਜੀਤ ਕੌਰ ਜੀ ਜਲੰਧਰ | ੩੫-੦ |
| ਇਕ ਪ੍ਰੇਮੀ ਜੀ | ੧੦੫-੦ |
| ਸ: ਪ੍ਰਿਤਪਾਲ ਸਿੰਘ ਜੀ ਟੋਹਾਣਾ | ੫੧ ੦ |
| ਭਾ: ਲਖਬੀਰ ਸਿੰਘ ਜੀ ਕਲਕਤਾ | ੧੩੦ ੦ |
| ਭਾ: ਸੰਤੋਖ ਸਿੰਘ ਜੀ ,, | ੫੧-੦ |
| ਭਾ: ਹਰਜੀਤ ਸਿੰਘ ਜੀ ਕਲਕਤਾ | ੫੧-੦ |
| ਡਾਂ: ਦਲੀਪ ਸਿੰਘ ਜੀ ਕਲਕਤਾ | ੫੦-੦ |
| ਇਕ ਪ੍ਰੇਮੀ ਜੀ ਕਲਕਤਾ | ੬੦-੦ |
| ਪੰਜ ਪ੍ਰੇਮੀ ਸਜਣ ,, | ੬੨-੦ |
| ਸ: ਹਰੀ ਸਿੰਘ ਜੀ ਜਲੰਧਰ | ੫੦ ੦ |
| ਸ: ਜਗਜੀਤ ਸਿੰਘ ਜੀ ਸ੍ਰੀ ਗੰਗਾ ਨਗਰ | ੫੧-੦ |
| ਮੇਜਰ ਨਰਿੰਦਰ ਸਿੰਘ ਜੀ ਮੇਰਠ | ੨੦੦-੦ |
| ਇਕ ਬੀਬੀ ਜੀ M. O. | ੫੦-੦ |
| ਅਖੰਡ ਕੀਰਤਨੀ ਜਥਾ ਡਰਬੀ ਯੂ. ਕੇ. | ੩੦੮-੦ |
| ਬੀਬੀ ਪਰਮਜੀਤ ਕੌਰ ਚੈਟਹਮ ਯੂ. ਕੇ. | ੭੭-੦ |
| ਅਖੰਡ ਕੀਰਤਨੀ ਜਥਾ ਗਰੇਵਜੈਂਡ ਯੂ. ਕੇ. | ੪੬੨-੦ |
| ਸਰਦਾਰਨੀ ਸਤਵੰਤ ਕੌਰ ਜੀ ਯੂ. ਕੇ. | ੭੭੦-੦ |
| ਡਾ: ਹਰਚਰਨ ਸਿੰਘ ਜੀ ਅੰਮ੍ਰਿਤਸਰ | ੨੮੯-੫ |
| ਭਾ: ਅਜੀਤ ਸਿੰਘ ਜੀ ਤਲਵੰਡੀ ਭਾਈ | ੧੦੦-੦ |
| Mrs. Indra Puryani Jabalpur | ੬੦-੦ |
| ਸ: ਸੁਰਿੰਦਰ ਸਿੰਘ ਜੀ ਐਕਸੀਅਨ ਚੰਡੀਗੜ੍ਹ | ੫੦੦-੦ |
| ਸ: ਕੁਲਦੀਪ ਸਿੰਘ ਜੀ ਚੰਡੀਗੜ੍ਹ | ੫੧-੦ |
| ਸ: ਸੁਖਦੇਵ ਸਿੰਘ ਜੀ ਮੁੰਡੀ ਬਟਾਲਾ | ੫੧-੦ |
| ਸ: ਸਤਨਾਮ ਸਿੰਘ ਜੀ ਕਾਲਾਕੋਟ | ੫੧-੦ |

| | |
|---|---|
| ਭਾਈ ਹਰਬੰਸ ਸਿੰਘ ਜੀ ਕਾਲਾਕੋਟ | ੫੧-੦ |
| ਬੀਬੀ ਹਰਭਜਨ ਕੌਰ ਜੀ ਖਾਨਪੁਰ ਸਹੋਤਾ | ੩੧ ੦ |
| ਸ: ਸੰਤੋਖ ਸਿੰਘ ਜੀ S. D. O. ਖੁਰਦਪੁਰ | ੧੦੦-੦ |
| ਸ੍ਰੀ ਐਸ. ਐਸ. ਗਿਆਨੀ ਖੇਤਰੀ ਨਗਰ | ੫੦੦-੦ |
| ਭਾਈ ਰਾਮ ਸਿੰਘ ਜੀ ,, | ੧੦੦-੦ |
| ਭਾਈ ਬਿਕਰ ਸਿੰਘ ਜੀ ਕਲਕਤਾ | ੫੧-੦ |
| Cpl. ਭਾਗ ਸਿੰਘ ਦਿਉਲ ੯੯ APO | ੫੦-੦ |
| ਸ: ਜੋਗਿੰਦਰ ਸਿੰਘ ਜੀ ਇੰਜੀਨੀਅਰ, ਰੋਪੜ | ੧੦੧-੦ |
| ਡਾ: ਅਮਰ ਸਿੰਘ ਜੀ ਮਖਦੂਮਪੁਰ | ੧੨੫-੦ |
| ਇਕ ਗੁਰਮੁਖ ਜੀ | ੩੦੦-੦ |
| ਅਖੰਡ ਕੀਰਤਨੀ ਜਥਾ ਭੋਪਾਲ | ੧੨੫-੦ |
| ਬੀਬੀ ਸਤਵੰਤ ਕੌਰ ਜੀ ਅੰਮ੍ਰਿਤਸਰ | ੫੫-੦ |
| ਸਾਧ ਸੰਗਤ ਬਰੁਕਸ ਕੈਨੇਡਾ | ੬੯੮-੨੧ |
| ਕਲਗੀਧਰ ਸੇਵਕ ਜਥਾ ਬੰਗਾ | ੫੦੦-੦ |
| ਭਾ: ਅਜੀਤ ਸਿੰਘ ਜੀ ਡਰਬੀ | ੨੦੦-੦ |
| ਅਖੰਡ ਕੀਰਤਨੀ ਜਥਾ ਨਵਾਂ ਸ਼ਹਿਰ, ਗੜ੍ਹ ਸ਼ੰਕਰ | ੩੦੦-੦ |
| ਬੀਬੀ ਰਿਪਦੁਮਨ ਕੌਰ ਜੀ, ਚੰਡੀਗੜ੍ਹ | ੧੦੦-੦ |
| ਸ: ਅਮਰੀਕ ਸਿੰਘ ਪਥਰ ਡੀਹ | ੫੦੦-੦ |
| ਗਿ: ਸਤਨਾਮ ਸਿੰਘ ਜੀ ਪ੬ APO | ੫੧-੦ |
| ਸ: ਅਮਰ ਸਿੰਘ ਜੀ ਦਿਲੀ | ੨੫-੦ |
| ਸਰਦਾਰਨੀ ਬਲਬੀਰ ਕੌਰ ਜੀ ਦਿਲੀ | ੨੫-੦ |
| ਸਰਦਾਰਨੀ ਇੰਦਰ ਕੌਰ ਭਾ: ਮਨਸਾ ਸਿੰਘ ਭੋਗਲ | ੧੦੦-੦ |
| ਚੌਧਰੀ ਮਹਿੰਦਰ ਸਿੰਘ ਜੀ ਕਾਨਪੁਰ | ੧੦੧-੦ |
| ਸ: ਸੁਰਜੀਤ ਸਿੰਘ ਜੀ ,, | ੫੧-੦ |
| ਸ: ਕੰਵਰਜੀਤ ਸਿੰਘ ਜੀ ,, | ੫੧-੦ |
| ਸ: ਸੁਰਜੀਤ ਸਿੰਘ ਜੀ ,, | ੨੫-੦ |
| ਬਾਵਾ ਸਰਬਜੀਤ ਸਿੰਘ ਜੀ ਕਾਨਪੁਰ | ੨੫-੦ |
| ਭਗਤ ਪ੍ਰੀਤਮ ਸਿੰਘ ਜੀ ਕਾਸਗੰਜ ਕਾਨਪੁਰ | ੨੫-੦ |
| ਭਾ: ਸੰਤ ਸਿੰਘ ਹਰਭਜਨ ਸਿੰਘ ,, | ੫੧-੦ |
| ਭਾਈ ਮੋਹਨ ਸਿੰਘ ਜੀ ਗਾਰਡ ,, | ੫੧-੦ |
| ਸ੍ਰੀ ਗੁਰੂ ਨਾਨਕ ਸਤਸੰਗ ਸਭਾ ਸਿੰਘਾਪੁਰ | ੨੧੩-੧੫ |
| ਡੀ. ਐਸ. ਥਿੰਦ, ਵਿੰਡਸਰ ਕੈਨੇਡਾ | ੧੧੦੯-੦ |
| ਸੰਗਤ ਲੇਹ ਲਦਾਖ (੨੯ ਸਿੰਘ) | ੩੧੦-੦ |
| ਸੰਤ ਮੁਸਾਫਰ ਸਿੰਘ ਜੀ ਜਲੰਧਰ | ੫੦੦-੦ |
| ਸ: ਭੁਪਿੰਦਰ ਸਿੰਘ ਜੀ ,, | ੫੦-੦ |
| ਭਾਈ ਜਸਵੰਤ ਸਿੰਘ ਜੀ ,, | ੧੦੦-੦ |
| ਸ: ਅਜੀਤ ਸਿੰਘ ਜੀ ਨਵੀਂ ਦਿਲੀ | ੩੦੦-੦ |

www.AKJ.Org

| | |
|---|---|
| ਸ੍ਰੀ ਗੁਰੂ ਨਾਨਕ ਸਤਸੰਗ ਸਭਾ ਸਿੰਘਾਪੁਰ | ੬੦੪੨-੬੩ |
| ਬੀਬੀ ਸੁਰਜੀਤ ਕੌਰ ਜੀ ਸੰਗਰੂਰ | ੫੦-੦ |
| ਦਿਲੀ ਸੰਗਤ ਮਾਰਫਤ ਡਾ: ਦਲਬੀਰ ਸਿੰਘ ਜੀ | ੨੫੦੦-੦ |
| ਸ: ਦਲੀਪ ਸਿੰਘ ਜੀ ਦਿਲੀ | ੧੦੦-੦ |
| ਸ: ਸਤਪਾਲ ਸਿੰਘ ਜੀ ਮੁਜ਼ੱਫਰਪੁਰ | ੧੦੧ ੦ |
| Cpl. ਲਾਲ ਸਿੰਘ ਜੀ ਮਦਰਾਸ | ੫੧-੦ |
| ਨੈਕ ਮੋਹਨ ਸਿੰਘ ਜੀ ਘੁਮਾਣ ਪ੫੬ ApO | ੨੫-੦ |
| ਸ: ਦੀਦਾਰ ਸਿੰਘ ਜੀ ਚਕੇਰੀ ਕਾਨਪੁਰ | ੨੦੦-੦ |
| Smt. ਤੇਜ ਕੌਰ ਬਸੰਤ ਸਿੰਘ ਕਾਨਪੁਰ | ੩੧-੦ |
| ਭਾਈ ਸਾਧੂ ਸਿੰਘ ਜੀ ਕਪੂਰਥਲਾ | ੪੦-੦ |
| ਸ: ਭਗਵੰਤ ਸਿੰਘ ਜੀ ਰੰਗੜ ਨੰਗਲ | ੫੦-੦ |
| ੨੫/- ਤੋਂ ਘਟ ਵਾਲੀਆਂ ਰਕਮਾਂ | ੧੧੪-੦ |
| ਜੋੜ | ੨੨੭੭੦-੦੪ |
| ਪਿਛਲੀ ਬਾਕੀ | ੧੫੭੮੩-੧੦ |
| ਕੁਲ ਜੋੜ | ੩੮੫੫੩-੧੪ |

## ਖਰਚ

| | |
|---|---|
| ਭਾ: ਕਰਨੈਲ ਸਿੰਘ ਜੀ ਜ਼ਖਮੀ ਨੂੰ ਦਵਾਈਆਂ ਲਈ | ੨੫੦-੦੦ |
| ਡਾਕ ਖਰਚ ਪਰਦੇਸ ਦੋ ਚਿਠੀਆਂ | ੫-੬੦ |
| ੨੫ ਡਾਕ ਲਫ਼ਾਫ਼ੇ ਰਸੀਦਾਂ ਲਈ | ੬.੨੫ |
| ਅਖਬਾਰਾਂ ੧ ਜੁਲਾਈ ਤੋਂ ੩੧ ਅਗਸਤ | ੩੬-੯੦ |
| ਮਹਿਤੇ ਮੀਟਿੰਗ ਤੇ ਜਥੇਦਾਰ ਤੇ ਸਿੰਘ ਗਏ | ੧੫-੦੦ |
| ਸ: ਪੂਰਨ ਸਿੰਘ ਜੀ ਹੁੰਡਲ ਰਾਹੀਂ ਵਕੀਲ ਫ਼ੀਸ | ੪੨੦੦-੦੦ |
| ਰਸੀਦ ਬੁਕਾਂ ਕਾਗਜ਼ ਛਪਾਈ | ੪੦-੮੬ |
| ਡਾਕ ਖ਼ਰਚ ੧੮ ਸਤੰਬਰ ਤਕ | ੧੩-੭੫ |
| ਫਟੜ ਸਿੰਘਾਂ ਨੂੰ ਬੀਮੇ ਭੇਜਣ ਦਾ ਖਰਚ | ੧੦੯-੯੦ |
| ਭਾਈ ਰਾਜਿੰਦਰ ਸਿੰਘ ਜੀ ਸਰਸਪੁਰਾ (ਫਟੜ) | ੫੦੦-੦ |
| ਭਾਈ ਹਰਨਾਮ ਸਿੰਘ ਜੀ ਭੂਰਾ ਕੋਹਨਾਂ ,, | ੫੦੦-੦ |
| ਭਾਈ ਇਕਬਾਲ ਸਿੰਘ ਜੀ ਕੁਰਾਲਾ ,, | ੫੦੦-੦ |
| ਗਿ:ਹਜ਼ਾਰਾਸਿੰਘ ਜੀ D.S.p. ਗੁਰਦਾਸਪੁਰ ,, | ੫੦੦-੦ |
| ਭਾਈ ਨਿਕਾ ਸਿੰਘ ਜੀ ਧੀਰੇ ਮਾਜਰਾ ,, | ੫੦੦-੦ |
| ਭਾ: ਗੁਰਬਚਨ ਸਿੰਘ ਜੀ ਨੁਸ਼ਹਿਰਾ ਪਨੂੰਆਂ ,, | ੫੦੦-੦ |
| ਭਾਈ ਮੋਹਰ ਸਿੰਘ ਜੀ ਸੂਰਾ ਪਡਾ ,, | ੫੦੦-੦ |
| ਭਾਈ ਨਿਰਮਲਸਿੰਘ ਜੀ ਮਿਆਣੀਭਗੂਪੁਰੀਆ ,, | ੫੦੦-੦ |
| ਭਾਈ ਗੁਰਦੀਪ ਸਿੰਘ ਜੀ ਚੱਕਰ ,, | ੫੦੦-੦ |
| ਭਾਈ ਗੁਪਾਲ ਜੀ ਮਹਿਤਾ ,, | ੫੦੦-੦ |
| ਭਾਈ ਮੰਗਲ ਸਿੰਘ ਜੀ ਮੋਏ ,, | ੫੦੦-੦ |
| ਭਾਈ ਕੁਲਦੀਪ ਸਿੰਘ ਜੀ ਮੁਛਲ ,, | ੫੦੦-੦ |
| ਭਾਈ ਪਰਗਟ ਸਿੰਘ ਜੀ ਧੰਗਾਣਾ ,, | ੫੦੦ ੦ |
| ਭਾਈ ਨਰਿੰਦਰ ਸਿੰਘ ਜੀ ਖਾਲਸਾ ਫਾਰਮ ,, | ੫੦੦-੦ |
| ਭਾਈ ਗੁਲਜ਼ਾਰ ਸਿੰਘ ਜੀ ਵੱਲਾ ,, | ੫੦੦-੦ |
| ਭਾਈ ਮਿਲਖਾ ਸਿੰਘ ਜੀ ਧੀਰੇ ਮਾਜਰਾ ,, | ੫੦੦-੦ |
| ਭਾਈ ਕਰਨੈਲ ਸਿੰਘ ਜੀ ਤਲਵੰਡੀ ਕੂਕਾਂ ,, | ੫੦੦-੦ |
| ਭਾਈ ਕਸ਼ਮੀਰਾ ਸਿੰਘ ਜੀ ਅੰਮ੍ਰਿਤਸਰ ,, | ੫੦੦-੦ |
| ਭਾਈ ਨੌਨਿਹਾਲ ਸਿੰਘ ਜੀ ਅੰਮ੍ਰਿਤਸਰ ,, | ੫੦੦-੦ |
| ਗਿ: ਭਗਵਾਨ ਸਿੰਘ ਜੀ, ਅੰਮ੍ਰਿਤਸਰ ,, | ੫੦੦-੦ |
| ਭਾਈ ਬਚਿਤਰ ਸਿੰਘ ਜੀ ਠੱਠੀ ਖਾਰਾ ,, | ੫੦੦-੦੦ |
| ਠੱਠੀ ਖਾਰੇ ਦੇ ਬੀਮੇ ਦਾ ਖਰਚ | ੫-੭੫ |
| ਜੋੜ | ੧੫੧੮੪-੦੧ |

| | |
|---|---|
| ਆਮਦਨ | ੩੮੫੫੩-੧੪ |
| ਖਰਚ | ੧੫੧੮੪-੦੧ |
| ਬਾਕੀ | ੨੩੩੬੯-੧੩ |

## ਜੋ ਰਕਮਾਂ ਅਜੇ ਕੈਸ਼ ਨਹੀਂ ਹੋਈਆਂ

| | |
|---|---|
| ਗੁਰਦਵਾਰਾ ਪ੍ਰਬੰਧਕ ਕਮੇਟੀ, ਮਸਕਟ(ਅਮਾਨ) | ੧੦,੦੦੦-੦ |
| ਡਾ: ਉਤਮ ਸਿੰਘ ਨੈਚਰੋਪੈਥ ਨਵੀਂ ਦਿਲੀ | ੫੧-੦ |
| ਗੁਰਦਵਾਰਾ ਸਿੰਘ ਸਭਾ ਰਾਵਤਭਾਟਾ (ਕੋਟਾ) | ੪੨੧-੦ |
| ਡਾਕਟਰ ਅਮਰ ਸਿੰਘ ਜੀ ਮਖਦੂਮਪੁਰਾ ਜਲੰਧਰ | ੧੨੫ ੦ |
| ਸ: ਭੂਪਿੰਦਰ ਸਿੰਘ ਜੀ, ਦਿਲੀ ੫੨ | ੧੦੦-੦ |
| ਅਖੰਡ ਕੀਰਤਨੀ ਜੱਥਾ ਯੂ. ਕੇ. ਬਰਮਿੰਘਮ ਪੌਂਡ | ੧੪੦੦ |
| ਸ੍ਰੀ ਗੁਰੂ ਸਿੰਘ ਸਭਾ Inc. ਨੀਊ ਜਰਸੀ ਕੈਨੇਡਾ (ਨੌਂ ਸਿੰਘਾਂ ਵਲੋਂ) ਡਾਲਰ | ੧੫੦੦ |
| ਸ: ਭਜਨ ਸਿੰਘ ਸਾਗੂ ਲੈਥਬ੍ਰਿਜ ਕੈਨੇਡਾ ,, | ੩੧ |
| S.S. Ahuja Chicage ,, | ਸਾਢੇ ੧੨ |
| ਸ: ਦਲਜੀਤ ਸਿੰਘ ਦਿਉਲ, ਚਿਕਾਗੋ ,, | ੨੦ |

ਛੇਤੀ ਹੀ ਸ਼ਹੀਦੀ ਪਰਵਾਰਾਂ ਵਿਚ ਉਪਰਲੀਆਂ ਰਕਮਾਂ ਕੈਸ਼ ਹੋਣ ਪਿਛੋਂ, ਰਕਮ ਵੰਡ ਦਿਤੀ ਜਾਵੇਗੀ।

ਦਾਸਰਾ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜੱਥਾ (ਕੇਂਦਰੀ ਦਫਤਰ ਅੰਮ੍ਰਿਤਸਰ) ਮਿਤੀ ੨੬-੯-੭੮

---

ਧਰਮ ਦੇ ਲੇਖੇ ਲਗਦਾ ਏ, ਇਕ ਇਕ ਅਰਮਾਨ ਸ਼ਹੀਦਾਂ ਦਾ।
ਤੇ ਧਰਮ ਦੀ ਖ਼ਾਤਰ ਮਰਨਾ ਹੀ, ਹੁੰਦੈ ਈਮਾਨ ਸ਼ਹੀਦਾਂ ਦਾ।
ਦੇ ਦੇ ਕੁਰਬਾਨੀ ਵੀਰਾਂ ਦੀ, ਹਰ ਕੌਮ ਜਵਾਨੀ ਚੜ੍ਹਦੀ ਏ,
ਕੌਮਾਂ ਦੇ ਸਿਰ ਤੇ ਰਹਿੰਦਾ ਏ, ਹਰ ਦਮ ਅਹਿਸਾਨ ਸ਼ਹੀਦਾਂ ਦਾ।

--ਵਲੋਂ ਸ: ਸੋਹਨ ਸਿੰਘ ਜੀ, ਮੀਤ ਪਰਧਾਨ ਸਿੰਘ ਸਭਾ ਰਾਵਤਭਾਟਾ

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





| | |
|---|---|
| ਸਾਲਾਨਾ ਚੰਦਾ | ੧੦-੦੦ |
| ਇਕ ਪਰਚਾ | ੧-੦੦ |
| **ਪਰਦੇਸ** | |
| ਸਮੁੰਦਰੀ ਡਾਕ | ੧੮-੫੦ |
| **ਹਵਾਈ ਡਾਕ** | |
| ਅਰਬ, ਮਲਾਇਆ | ੩੫-੦੦ |
| ਯੂ. ਕੇ., ਅਫ਼ਰੀਕਾ | ੫੦-੦੦ |
| ਕੈਨੇਡਾ, ਅਮਰੀਕਾ | ੫੫-੦੦ |


ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੨ ਅਕਤੂਬਰ ੧੯੭੮ ਅੰਕ ੧੦

# ਕੌਮਾਂ ਸਦਾ ਤੋਂ ਇਵੇਂ ਹੀ ਬਣਦੀਆਂ ਨੇ

[ ਡਾਕਟਰ ਜਸਵੰਤ ਸਿੰਘ ਜੀ ਨੇਕੀ, ਚੰਡੀਗੜ੍ਹ ]

ਟਹਿਕਣ ਇਨ੍ਹਾਂ ਸ਼ਹੀਦਾਂ ਦੀ ਆਤਮਾਵਾਂ,
ਜਦੋਂ ਮੰਤ੍ਰ ਸ਼ਹੀਦੀ ਦਾ ਪੜ੍ਹੇ ਕੋਈ ।
ਹੁਲਸੇ ਸੂਲਾਂ ਦੀ ਸੇਜ ਤੇ ਸੌਣ ਵਾਲਾ,
ਸੂਰਬੀਰ ਜਦ ਸੂਲੀ ਤੇ ਚੜ੍ਹੇ ਕੋਈ ।
ਚਮਕ ਉਠਣ ਚਮਕੌਰ ਦੇ ਚੰਨ ਦੋਵੇਂ,
ਜ਼ੁਲਮ ਨਾਲ ਸਿਰ-ਲਥ ਜਦ ਲੜੇ ਕੋਈ ।
ਮਹਿਕ ਉਠਣ ਸਿਰਹੰਦ ਦੇ ਫੁਲ ਜੇਕਰ,
ਬੱਚੇ ਕੌਮ ਦੀਆਂ ਨੀਂਹਾਂ ਵਿਚ ਜੜੇ ਕੋਈ ।
ਜਦੋਂ ਜਦੋਂ ਵੀ ਹੁੰਦੈ ਸ਼ਹੀਦ ਕੋਈ,
ਤਾਰਾਂ ਕੌਮ ਦੇ ਸਾਜ਼ ਦੀਆਂ ਤਣਦੀਆਂ ਨੇ ।
ਪੌੜੀ ਚੜ੍ਹਦਿਆਂ ਚੜ੍ਹਦਿਆਂ ਚੜ੍ਹੀਦਾ ਏ,
ਕੌਮਾਂ ਬਣਦੀਆਂ ਬਣਦੀਆਂ ਬਣਦੀਆਂ ਨੇ ।

ਚਿੱਠੀ ਪੱਤਰ ਤੇ ਰਕਮ ਭੇਜਣ ਦਾ ਪਤਾ

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org

# ਦੁਧਾਰੇ ਖੰਡੇ ਵਾਲਾ ਖਾਲਸਈ ਨਵਖੰਡੀ ਝੰਡਾ

[ ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਸਾਹਿਬੇ ਕਮਾਲ ਨਿਰੰਕਾਰ ਗੁਰੂ ਸਾਹਿਬ ਨੇ ਗੁਰੂ ਅਵਤਾਰੀ, ਧੁਰ ਅਰਸ਼ਾਰੀ, ਧੁਰ ਦਰਬਾਰੀ ਗੁਰੂ ਸਾਹਿਬ ਨੇ ਧੁਰ-ਧੁਰੰਧਰੀ ਜੈ-ਬਿਜੈ-ਨਿਸ਼ਾਨੀ ਨਿਰੰਕਾਰੀ ਝੰਡਾ ਝੁਲਾਇਆ। ਖ਼ਾਲਸਾ ਪੰਥ ਦੀ ਅਬਚਲ ਨੀਂਹ ਕਾਇਮ ਦਾਇਮ ਰਖਣ ਲਈ ਨਾਮ ਖੜਗੇਸ਼ੀ ਤੇ ਬੀਰਤਾ-ਮੁਕਤੇਸ਼ੀ ਦੋ ਧਾਰਾਂ ਵਾਲੇ ਖੰਡੇ ਦੇ ਨਾਲ ਚਕ੍ਰਵਰਤੀ ਰਾਜ ਦਾ ਠਹਿਰਾਨ ਠਹਿਰਾਇਆ, ਜਿਥੇ ਗੁਰੂ ਬਾਬੇ ਨਾਨਕ ਨੇ ਨਵਾਂ ਖੰਡਾਂ ਵਿਚ ਹਲੇਮੀ ਰਾਜ ਪੱਕਾ ਕਰਨ ਦਾ ਧੁਰਵਾ ਵੀ ਬੰਨ੍ਹਿਆ। ਇਸੇ ਕਰਕੇ ਹੀ ਖ਼ਾਲਸਈ ਅਕਾਲੀ ਝੰਡਾ ਨਵਖੰਡੀ ਫਹਿਰੱਕੇ ਵਾਲਾ ਝੰਡਾ ਹੈ। ਫਹਿਰੱਕੇ ਦੇ ਬਸੰਤੀ ਤੇ ਸੁਰਮਈ ਰੰਗ ਦੇ ਝੁਲਾਰੇ ਪ੍ਰਮਾਰਥੀ ਅਤੇ ਸੂਰਮਤਾਈ ਜੈ-ਬਿਜੈ ਦੇ ਸੰਬੋਧਕ ਹਨ। ਇਹ ਖਾਲਸਈ ਝੰਡਾ ਹੈ ਕਿ ਦੀਨ ਦੁਨੀ ਦੀ ਧੁਜਾ ਹੈ!

ਸ੍ਰੀ ਗੁਰੂ ਸਾਹਿਬ ਜੀ ਦਾ ਹੁਕਮ-ਨਿਸ਼ਾਨੀ ਹੋਣ ਕਰਕੇ ਇਸ ਝੰਡੇ ਦਾ ਨਾਮ "ਨਿਸ਼ਾਨ ਸਾਹਿਬ" ਹੈ। ਸਾਹਿਬ ਗੁਰੂ ਅਕਾਲ ਦਾ ਜੋ ਨਿਸ਼ਾਨ, ਸੋ ਕਹੀਏ ਨਿਸ਼ਾਨ ਸਾਹਿਬ। ਇਸੇ ਨੇ ਹੀ ਜੁਗੋ ਜੁਗ ਅਟੱਲ ਰਹਿਣਾ ਹੈ ਅਤੇ ਅਟੱਲਤਾ ਸਹਿਤ ਸਾਰੇ ਜਹਾਨ ਤੇ ਝੂਲਣਾ ਹੈ। ਇਹ ਸਾਰੇ ਜਹਾਨ ਦਾ ਸਾਂਝਾ ਜੈ-ਬਿਜਈ ਝੰਡਾ ਨਿਸ਼ਾਨ ਸਾਹਿਬ ਹੈ। ਸ੍ਰੀ ਅਕਾਲ ਤਖ਼ਤ ਤੇ ਸ੍ਰੀ ਸੱਚਖੰਡੀ ਹਰਿਮੰਦਰ ਸਾਹਿਬ ਦੇ ਵਿਚਕਾਰ ਤੇ ਸਨਮੁਖ "ਗਡ ਥੰਮੁ ਅਹੱਲੈ" ਹੋਣ ਕਰਕੇ ਇਹ ਖਾਲਸਾ ਜੀ ਦੀ ਮੀਰੀ ਤੇ ਪੀਰੀ ਦਾ ਤੇ "ਦੀਨ ਦੁਨੀ ਦੀ ਸਾਹਿਬੀ" ਦਾ ਸੱਚਾ ਪਾਤਸ਼ਾਹੀ ਨਿਸ਼ਾਨ ਸਾਹਿਬ ਹੈ। ਇਸ ਖਾਲਸਈ ਨਿਸ਼ਾਨ ਸਾਹਿਬ ਦੇ ਸਿਰਮੌਰੀ ਖੰਡੇ ਦੀਆਂ ਦੋਈ ਧਾਰਾਂ, ਦੋ ਜਹਾਨਾਂ ਦੇ ਸਰ ਕਰਨ ਲਈ ਚੜ੍ਹਦੀ ਕਲਾ ਦੀਆਂ ਲਖਾਇਕ ਹਨ।

ਇਸ ਨਿਸ਼ਾਨ ਸਾਹਿਬ ਦੇ ਸਾਇਆ ਤਲੇ (ਤਾਅਬੇ ਹੋ ਕੇ) ਘਟ-ਜੋਤਿ-ਜਗਾਰੀ ਤੇ ਜੂਝ-ਜੁਝਾਰੀ ਖਾਲਸਾ ਜੀ ਨੇ ਵਧਣਾ ਫੁਲਣਾ ਤੇ ਮੌਲਣਾ ਹੈ। ਖਾਲਸਾ ਜੀ ਦਾ ਜਾਹੋ-ਜਲਾਲ (ਤੇਜ ਪ੍ਰਤਾਪ) ਇਸੇ ਝੰਡੇ ਦੀ ਬਰਕਤ ਤੇ ਕਮਾਲ ਨਾਲ ਹੀ ਲਾ-ਯਜ਼ਾਲ (ਸਦੈਵੀ) ਤੇ ਲਾ-ਜ਼ਵਾਲ (ਅਸਥਿਰ) ਰਹਿਣਾ ਹੈ। ਕਦੇ ਜ਼ਵਾਲ ਆਉਣਾ ਹੀ ਨਹੀਂ। ਅਜਿਹੇ ਜ਼ੁਲ-ਜਲਾਲ ਅਕਾਲੀ ਝੰਡੇ ਦੇ ਤੁੱਲ ਮਾਨਵੀ ਕ੍ਰਿਤ ਦਾ ਹੋਰ ਕੋਈ ਝੰਡਾ ਨਹੀਂ ਹੋ ਸਕਦਾ। ਜਿਸ ਤਰ੍ਹਾਂ ਸਤਿਨਾਮ ਦੇ ਮੁਕਾਬਲੇ ਤੇ ਸਭ ਕਿਰਤਮ ਨਾਮ ਤੁੱਛ ਹਨ ਇਸੇ ਤਰ੍ਹਾਂ ਅਕਾਲੀ ਝੰਡੇ ਦੇ ਸਾਹਮਣੇ ਹੋਰ ਸਭ ਝੰਡੇ ਮਾਤ ਹਨ। ਖੰਡਾ ਕੀ ਹੈ, ਨਾਮ ਰੂਪ ਹੈ। "ਨਾਮ ਕੇ ਧਾਰੇ ਖੰਡ ਬ੍ਰਹਮੰਡ"* ਤੇ 'ਖੰਡਾ ਪ੍ਰਿਥਮੈ ਸਾਜਿ ਕੈ ਜਿਸ ਸਭ ਸੈਸਾਰੁ ਉਪਾਇਆ"‡ ਦਾ ਭਾਵ ਇਕ ਹੀ ਹੈ।

ਇਹ ਨਿਸਚੇ ਕਰਕੇ ਜਾਣੋ ਕਿ ਅਕਾਲੀ ਝੰਡਾ ਸਭ ਤੋਂ ਸ੍ਰੇਸ਼ਟ ਤੇ ਦੀਨ ਦੁਨੀਆ ਦੀ ਧੁਜਾ ਹੈ। ਇਹ ਝੰਡਾ ਅਕਾਲੀ ਹੈ ਤੇ ਅਕਾਲ ਦੇ ਹੁਕਮ ਨਾਲ ਹੀ ਸਾਜਿਆ ਗਿਆ ਹੈ। ਬਾਕੀ ਸਭ ਝੰਡੇ ਮਨੁੱਖੀ ਕ੍ਰਿਤ ਦੇ ਹੋਣ ਕਰਕੇ ਤੁੱਛ ਹਨ।

---

*ਸੁਖਮਨੀ ਮ: ੫, ਪੰਨਾ ੨੮੪
‡ਚੰਡੀ ਦੀ ਵਾਰ, ਪਉੜੀ ੨

---

**ਪਾਠਕ ਨੋਟ ਕਰਨ**—ਜਿਸ ਪਾਠਕ ਦਾ ਜਿਸ ਮਹੀਨੇ ਚੰਦਾ ਖਤਮ ਹੁੰਦਾ ਹੈ, ਉਸੇ ਪਰਚੇ ਪਿਛੇ ਚੰਦਾ/ਖ਼ਤਮ ਹੋਣ ਦੀ ਮੋਹਰ ਅਸੀਂ ਲਾ ਕੇ ਭੇਜਦੇ ਹਾਂ। ਪਾਠਕ ਇਸ ਵਲ ਧਿਆਨ ਨਹੀਂ ਦਿੰਦੇ, ਜਿਸ ਕਰਕੇ ਅਗਲੇ ਮਹੀਨੇ ਫਿਰ ਮੋਹਰ ਲਾ ਕੇ ਪਰਚਾ ਭੇਜਦੇ ਹਾਂ। ਜਿਹੜੇ ਚੰਦੇ ਫਿਰ ਵੀ ਨਹੀਂ ਪੁਜ਼ਦੇ, ਉਨ੍ਹਾਂ ਨੂੰ ਉਚੇਚੀਆਂ ਚਿੱਠੀਆਂ ਦੁਆਰਾ ਚੰਦਾ ਖ਼ਤਮ ਹੋਣ ਦੀ ਚਿਤਾਵਨੀ ਦਿਤੀ ਜਾਂਦੀ ਹੈ। ਕਿਰਪਾ ਕਰਕੇ ਪਹਿਲੀ ਮੋਹਰ ਨੂੰ ਦੇਖ ਕੇ ਆਪਣੇ ਚੰਦੇ ਭੇਜ ਦਿਆ ਕਰੋ ਜੀ। ਇਸ ਤਰ੍ਹਾਂ ਸਾਡੀ ਵਾਧੂ ਖੇਚਲ ਬਚ ਜਾਂਦੀ ਹੈ।



www.AKJ.Org

# ਸਬਦੁ ਗੁਰੂ ਪੀਰਾ ਗਹਿਰ ਗੰਭੀਰਾ

ਸ: ਪਸ਼ੌਰਾ ਸਿੰਘ ਜੀ ਮੁਖੀ, ਡਿਵਿਨਿਟੀ ਡੀਪਾਰਟਮੈਂਟ,
ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਨਵੀਂ ਦਿਲੀ

## ਸਿਧਾਂਤਕ ਪੱਖ (੧)

ਧਰਮ ਦੇ ਜਗਤ ਵਿਚ ਸ਼ਬਦ-ਗੁਰੂ ਦਾ ਸਿਧਾਂਤ ਸ੍ਰੋਮਣੀ ਦਰਜਾ ਰਖਦਾ ਹੈ ਅਤੇ ਸਮੂਹ ਮਾਨਵ ਜਾਤੀ ਦੇ ਕਲਿਆਣ ਲਈ ਇਕ ਨਵੀਂ ਸੇਧ ਪ੍ਰਦਾਨ ਕਰਦਾ ਹੈ । ਗੁਰਮਤਿ ਦੇ ਫ਼ਲਸਫ਼ੇ ਦੀ ਦ੍ਰਿਸ਼ਟੀ ਅਨੁਸਾਰ 'ਸ਼ਬਦ' ਇਕ ਖਾਸ ਤਕਨੀਕੀ ਲਫ਼ਜ਼ (Technical Word) ਹੈ, ਜਿਸ ਦੀ ਵਿਆਖਿਆ ਵੱਖ ਵੱਖ ਭਾਵ-ਅਰਥਾਂ ਵਿਚ ਸਮੁੱਚੀ ਗੁਰਬਾਣੀ ਕਰਦੀ ਹੈ । ਮਾਰੂ ਰਾਗ ਦੇ ਅਰੰਭ ਵਿਚ ਗੁਰੂ ਨਾਨਕ ਦੇਵ ਜੀ ਨੇ 'ਸਬਦੁ' ਦੇ ਸਿਰਲੇਖ ਦੀ ਬਾਣੀ ਵਿਚ ਇਸ ਦੇ ਡੂੰਘੇ ਰਹੱਸ ਨੂੰ ਖੋਲ੍ਹਿਆ ਹੈ ਕਿ 'ਸਬਦੁ' ਤੋਂ ਮੁਰਾਦ ਹੈ ਉਹ "ਇਲਾਹੀ ਸਦ" ਜਿਸ ਦੇ ਸਦਕਾ ਜਗਿਆਸੂ ਦਾ ਸਿਧਾ ਸੰਬੰਧ ਪ੍ਰਮਾਤਮਾ ਨਾਲ ਜੁੜਦਾ ਹੈ ਤੇ ਕੋਈ ਵਿਚ-ਵਿਚੋਲਾ ਨਹੀਂ ਹੁੰਦਾ :—

ਸਬਦੁ*

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥
ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥
ਜਿਨੀ ਤੇਰਾ ਨਾਮੁ ਧਿਆਇਆ
ਤਿਨ ਕਉ 'ਸਦਿ' ਮਿਲੇ ॥੧॥
[ਰਾਗ ਮਾਰੂ ਮ: ੧, ਪੰਨਾ ੯੮੯

* ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸ਼ਬਦੁ' ਤਿੰਨ ਵਾਰ ਸਿਰਲੇਖ (Heading) ਦੇ ਤੌਰ ਤੇ ਆਇਆ ਹੈ ਤੇ ਉਹ ਵੀ ਮਾਰੂ ਰਾਗ ਵਿਚ ਹੀ । ਇਥੇ ਖੇਮੇ (ਤੰਬੂ), ਛਤ੍ਰ, ਕਨਾਤਾਂ ਤੇ ਰਥ ਆਦਿ ਪ੍ਰਮਾਤਮਾ ਵਲੋਂ ਭਗਤ ਨੂੰ ਮਿਲੀ ਵਡਿਆਈ ਦੇ ਪ੍ਰਤੀਕ ਲਫ਼ਜ਼ ਹਨ ।

'ਸ਼ਬਦ' ਅਤੇ 'ਬਾਣੀ' ਇਕ ਦੂਜੇ ਦੇ ਪੂਰਕ ਲਫ਼ਜ਼ ਹਨ, ਜਿਹੜੇ ਕਿ ਗੁਰੂ ਸਾਹਿਬਾਂ ਦੇ ਅੰਤਿਮ ਹਕੀਕਤ (Ultimate Reality) ਦੇ ਆਤਮਿਕ-ਅਨੁਭਵ ਦੀ ਤਾਜ਼ਗੀ ਅਤੇ ਸ਼ੁਧਤਾ ਨੂੰ ਉਜਾਗਰ ਕਰਦੇ ਹਨ । 'ਸ਼ਬਦ' ਨੂੰ ਦੈਵੀ-ਆਵੇਸ਼ ਦੇ ਵਾਹਨ† (Vehicle of Revelation) ਦੇ ਤੌਰ ਤੇ ਵੀ ਪ੍ਰਵਾਨਿਆ ਗਿਆ । ਪਰ ਆਪਣੇ ਸਤ-ਸਰੂਪ ਵਿਚ 'ਸ਼ਬਦ' ਪਾਰਬ੍ਰਹਮ ਨਾਲ ਅਭੇਦ ਵਰਤਦਾ ਹੈ ਜੋ ਸ੍ਰਿਸ਼ਟੀ ਦਾ ਕਰਤਾ, ਧਰਤਾ ਤੇ ਹਰਤਾ ਹੈ । ਇਸ ਵਿਸ਼ਵ ਵਿਚਲਾ ਬਹੁ-ਬਿਧ-ਰੰਗੁਲਾ ਪਾਸਾਰਾ; ਅਨਗਿਣਤ ਸੂਰਜ ਤੇ ਚੰਦ, ਅਨੇਕ ਕੁਦਰਤੀ ਘਟਨਾਵਾਂ, ਬੇਅੰਤ ਜੀਅ-ਜੰਤ ਦੀ ਰਚਨਾ 'ਸ਼ਬਦ' ਤੋਂ ਹੀ ਹੋਈ ਹੈ । 'ਸ਼ਬਦ' ਹੀ ਅਨੰਤ ਜੀਵਨ ਦਾ ਮੂਲ ਸਰੋਤ ਹੈ । ਬਨਸਪਤੀ ਦੇ ਉਗਣ ਤੋਂ ਲੈ ਕੇ ਤਾਰਿਆਂ ਦੀ ਗਤੀ ਤੱਕ ਸਾਰਾ ਬ੍ਰਹਿਮੰਡ ਦ੍ਰਿਸ਼ਟ ਅਤੇ ਅਦ੍ਰਿਸ਼ਟ ਨਿਯਮਾਂ ਦੀ ਪਾਲਣਾ ਕਰਦਾ ਹੋਇਆ 'ਸ਼ਬਦ' ਦੇ ਵਰਤਾਰੇ ਤੇ ਅਧਾਰਿਤ ਹੈ :—

(ੳ) ਏਕੋ ਸਬਦੁ ਏਕੋ ਪ੍ਰਭੁ ਵਰਤੈ
ਸਭ ਏਕਸੁ ਤੇ ਉਤਪਤਿ ਚਲੈ ॥(ਪਾ ੬)
[ਪ੍ਰਭਾਤੀ ਮ: ੩, ਪੰਨਾ ੧੩੩੪
(ਅ) ਉਤਪਤਿ ਪਰਲਉ ਸਬਦੇ ਹੋਵੈ ॥

† (ੳ) ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥
[ਤਿਲੰਗ ਮ: ੧, ਪੰਨਾ ੭੨੨
(ਅ) ਧੁਰ ਕੀ ਬਾਣੀ ਆਈ ॥
ਤਿਨ ਸਗਲੀ ਚਿੰਤ ਮਿਟਾਈ ॥(੨॥੧੩॥੭੭)
[ਸੋਰਠਿ ਮ: ੫; ਪੰਨਾ ੬੨੮
(ੲ) ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥੨॥
[ਮਿਲਾਰ ਕੀ ਵਾਰ ਮ: ੧, ਪੰਨਾ ੧੨੭੯



www.AKJ.Org

ਸਬਦੇ ਹੀ ਫਿਰਿ ਓਪਤਿ ਹੋਵੈ ॥੧॥
(੧੩॥੧੪) ਮਾਝ ਮ: ੩, ਪੰਨਾ ੧੧੭

(ੲ) ਸਭੁ ਇਕੋ ਸਬਦੁ ਵਰਤਦਾ
ਜੋ ਕਰੇ ਸੁ ਹੋਈ ॥(੨੯)
[ਸੋਰਠਿ ਕੀ ਵਾਰ ਮ: ੪, ਪੰਨਾ ੬੫੪

'ਸ਼ਬਦ' ਦੈਵੀ-ਤੱਤ (Divine Essence) ਦੇ ਰੂਪ ਵਿਚ ਬ੍ਰਹਿਮੰਡ ਤੇ ਪਿੰਡ ਵਿਚ ਸਰਬ ਵਿਆ-ਪਕਤਾ ਦੇ ਤੌਰ ਤੇ ਵਿਦਮਾਨ ਹੈ, ਜਿਸ ਨੂੰ ਗੁਰਬਾਣੀ ਵਿਚ 'ਅਨਹਦ ਧੁਨੀ'* ਅਤੇ 'ਜੋਤਿ' ਦੇ ਨਾਂ ਦਿਤੇ ਗਏ ਹਨ। ਇਸ ਅਬਿਨਾਸ਼ੀ ਤੱਤ ਦੀ ਇਕ-ਕਾਰੀ 'ਰੌ' ਤੋਂ ਬਿਨਾਂ ਸਾਰੇ ਵਜੂਦ ਅਤੇ ਆਕਾਰ ਨਿਰ-ਜੀਵ ਮਾਦੇ ਦੇ ਵਿਅਕਤੀਗਤ ਟੁਕੜੇ ਹੀ ਹੁੰਦੇ, ਜਿਨ੍ਹਾਂ ਵਿਚ ਨਾ ਪ੍ਰਸਪਰ ਸੰਬੰਧ ਨਾ ਅੰਤ੍ਰੀਵ ਸੁਮੇਲ ਨਾ ਸੁਜੋੜਤਾ ਪ੍ਰਾਪਤ ਹੁੰਦੀ। ਸਿਧ ਗੋਸਟਿ ਵਿਚ ਯੋਗੀਆਂ ਨੇ ਆਪਣੇ ਨੁਕਤਾ-ਨਿਗਾਹ ਤੋਂ 'ਸ਼ਬਦ' ਦੇ ਸੰਬੰਧ ਵਿਚ ਪ੍ਰਸ਼ਨ ਉਠਾਇਆ ਕਿ ਉਸ 'ਸ਼ਬਦ' ਦਾ ਵਾਸਾ ਕਿਥੇ ਹੈ, ਜਿਸ ਦੇ ਸਦਕਾ ਇਸ ਭਵਜਲ ਸੰਸਾਰ ਤੋਂ ਪਾਰ ਹੋਣਾ ਹੈ :–

ਸੁ ਸਬਦ ਕਾ ਕਹਾ ਵਾਸੁ ਕਥੀਅਲੇ,
ਜਿਤੁ ਤਰੀਐ ਭਵਜਲੁ ਸੰਸਾਰੋ ॥੫੮॥
[ਰਾਮਕਲੀ ਮ: ੧, ਪੰਨਾ ੯੪੪

ਯੋਗੀ ਸਰੀਰ ਵਿਚ 'ਅਨਹਦ ਸ਼ਬਦ' ਸੁਣਨਾ ਚਾਹੁੰਦੇ ਹਨ, ਪਰ ਗੁਰੂ ਨਾਨਕ ਦੇਵ ਜੀ ਉਨ੍ਹਾਂ ਨੂੰ ਹੋਰ ਅਰਥਾਂ ਵਿਚ ਵਰਤ ਕੇ 'ਸ਼ਬਦ' ਦੇ ਵਿਸ਼ਾਲ ਭਾਵ ਨੂੰ ਸਮਝਾਂਦੇ ਹਨ। ਸਿਧਾਂ ਦੇ ਪ੍ਰਸ਼ਨ ਦੀ ਸੌੜੀ ਸੀਮਾ ਟੱਪ ਕੇ ਗੁਰਮਤਿ ਦੇ ਸਿਧਾਂਤ ਦੀ ਸਪੱਸ਼ਟਤਾ ਦੇ ਨਾਲ ਵਿਆਖਿਆ ਕਰਦੇ ਹੋਏ ਉਤਰ ਦਿੰਦੇ ਹਨ ਕਿ "ਉਹ ਸ਼ਬਦ ਸਭ ਵਿਚ ਪੂਰਨ ਹੈ, ਸਰਬ ਵਿਆਪਕ ਹੈ ਅਤੇ ਅਲੇਖ ਹੈ, ਜਿਸ ਨੂੰ ਬੁਧੀ ਦੁਆਰਾ ਨਾ ਹੀ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਦੂਜੇ ਨੂੰ ਸਮਝਾਇਆ ਜਾ ਸਕਦਾ ਹੈ।

ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ
ਜਹ ਦੇਖਾ ਤਹ ਸੋਈ ॥੫੯॥
[ਰਾਮਕਲੀ ਮ: ੧ ਪੰਨਾ ੯੪੪

ਅਧਿਆਤਮਕ - ਅਨੁਭਵ ਦੇ ਪ੍ਰਕਾਸ਼ ਰਾਹੀਂ ਜਦੋਂ ਆਪਾ ਭਾਵ ਚਲਾ ਜਾਏ ਤੇ ਮਨ ਪਤੀਜ ਜਾਏ ਤਾਂ ਸਭ ਥਾਈਂ 'ਸ਼ਬਦ' ਭਰਪੂਰ ਦਿਸਦਾ ਹੈ, ਜਿਸ ਨੇ ਜਗਤ ਨੂੰ ਥੰਮ੍ਹਿਆ ਹੋਇਆ ਹੈ। ਅਸਤਿਤ੍ਵ ਦੇ ਵਿਚ ਇਸ ਦੀ 'ਧੁਨੀ', ਜੋ ਬਿਨਾਂ ਵਜਾਇਆਂ ਹੀ ਗੂੰਜਦੀ ਹੈ, ਆਤਮ-ਮੰਡਲ ਦੇ ਸੰਗੀਤ ਵਿਚ ਪ੍ਰਗਟ ਹੋ ਜਾਂਦੀ ਹੈ :–

(ੳ) ਤਿਹੁ ਲੋਕਾ ਮਹਿ ਸਬਦੁ ਰਵਿਆ ਹੈ,
ਆਪੁ ਗਇਆ ਮਨੁ ਮਾਨਿਆ ॥੨॥
(੪॥੧੦) [ਆਸਾ ਮ: ੧, ਪੰਨਾ ੩੫੧

(ਅ) ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ,
ਜਿਤੁ ਸਬਦਿ ਜਗਤੁ ਥੰਮਿ੍ ਰਹਾਇਆ ॥੪॥
[ਆਸਾ ਮ: ੩, ਪੰਨਾ ੪੪੧

ਵਿਣੁ ਥੰਮਾ ਗਗਨੁ ਰਹਾਇ
ਸਬਦੁ ਨੀਸਾਣਿਆ ॥੧॥
[ਵਾਰ ਮਲਾਰ ਕੀ ਮਹਲਾ ੧, ਪੰਨਾ ੧੨੭੯

---

* 'ਅਨਹਦ ਧੁਨੀ' ਕਿਸੇ ਟਕਰਾ ਜਾਂ ਸੰਘਰਸ਼ ਤੋਂ ਪੈਦਾ ਨਹੀਂ ਹੁੰਦੀ, ਜਿਵੇਂ ਕਿ ਆਮ ਅਵਾਜ਼ ਪੈਦਾ ਹੁੰਦੀ ਹੈ, ਬਲਕਿ ਅਸਤਿਤ੍ਵ ਵਿਚ ਸਦੀਵੀ ਨਾਦ ਦੇ ਰੂਪ ਵਿਚ ਗੂੰਜਦੀ ਹੈ, ਜਿਸਨੂੰ ਕੰਨਾਂ ਨਾਲ ਨਹੀਂ ਸੁਣਿਆ ਜਾ ਸਕਦਾ, ਇਹ ਆਤਮਿਕ ਅਨੁਭਵ ਦਾ ਹੀ ਵਿਸ਼ਾ ਹੈ। ਇਸ ਨੂੰ ਕਿਸੇ ਸਰਲ ਤਾਰਕਿਕ ਕਥਨ (Logicel State_meut) ਨਾਲ ਬਿਆਨ ਕਰਨਾ ਅਸੰਭਵ ਹੈ, ਕਿਉਂਕਿ ਇਸ ਦਾ ਸੰਬੰਧ ਤਤ੍ਵ-ਸਿਧਾਂਤ (Ontological Level) ਦੇ ਖੇਤਰ ਨਾਲ ਹੈ। ਵਿਗਿਆਨ ਨੇ ਬੇਤਾਰ ਦੇ ਨਿਯਮ (Wireless System) ਰਾਹੀਂ ਸਿਧ ਕੀਤਾ ਹੈ ਕਿ ਜਦੋਂ ਵੀ ਅਸੀਂ ਬੋਲਦੇ ਹਾਂ ਤਾਂ ਆਵਾਜ਼ ਦੀਆਂ ਤਰੰਗਾਂ (Electromagnetic Wayes) ਵਿਚ ਬਦਲ ਜਾਂਦੀਆਂ ਹਨ, ਜਿਹੜੀਆਂ ਕਿ ਈਥਰ (Ether) ਵਿਚ ਪੈਦਾ ਹੁੰਦੀਆਂ ਹਨ ਅਤੇ ਸਾਰੇ ਆਕਾਸ਼-ਮੰਡਲ ਵਿਚ ਇਸ ਧਰਤੀ ਤੋਂ ਅੱਗੇ ਚੰਨ, ਸੂਰਜ ਤੇ ਤਾਰਿਆਂ ਤਕ ਫੈਲ ਜਾਂਦੀਆਂ ਹਨ। ਈਥਰ ਦੀਆਂ ਤਰੰਗਾਂ ਇੰਨੀ ਤੇਜ਼ੀ ਨਾਲ ਯਾਤਰਾ ਕਰਦੀਆਂ ਹਨ ਕਿ ਇਕ ਸੈਕਿੰਡ ਵਿਚ ਧਰਤੀ ਦੇ ਚਾਰੇ ਪਾਸੇ ਸੱਤ ਚੱਕਰ ਲਗਾ ਦਿੰਦੀਆਂ ਹਨ। ਰੇਡੀਓ ਯੰਤਰ ਕੰਨਾਂ ਦੀ ਤਰ੍ਹਾਂ ਇਹਨਾਂ ਤਰੰਗਾਂ ਨੂੰ ਫੜ ਕੇ ਆਵਾਜ਼ ਵਿਚ ਬਦਲ ਦਿੰਦਾ ਹੈ ਅਤੇ ਸੰਸਾਰ ਦੇ ਕੋਨੇ ਕੋਨੇ ਤੋਂ ਅਸੀਂ ਉਸ ਆਵਾਜ਼ ਨੂੰ ਸੁਣ ਸਕਦੇ ਹਾਂ। ਇਹ ਸਾਰੀ 'ਆਹਤ-ਧੁਨੀ' ਦੀ ਹੀ ਖੋਜ ਹੈ ਜਿਸ ਦਾ ਅਧਿਐਨ ਸਾਇੰਸ ਨੇ ਕੀਤਾ ਹੈ। 'ਅਨਾਹਤ ਧੁਨੀ' ਦੀ ਖੋਜ ਦਾ ਮਾਰਗ ਇਸ ਤੋਂ ਭਿੰਨ ਹੈ, ਉਹ ਲਿਵ ਦਾ ਮਾਰਗ ਹੈ।


www.AKJ.Org

'ਸ਼ਬਦ' ਆਪਣੀ ਸੁਤੰਤਰ ਇਛਾ ਅਨੁਸਾਰ ਸ਼ਖ਼ਸੀਅਤ ਧਾਰ ਲੈਂਦਾ ਹੈ । ਇਹ ਪੁਰਖੁ ਬਣ ਜਾਂਦਾ ਹੈ, ਪੁਰਖੋਤਮ ਹੋ ਜਾਂਦਾ ਹੈ, ਜੋ ਸਰਬ-ਗੁਣ-ਸੰਪੰਨ ਸ਼ਖਸੀ ਰੱਬ (Personal God) ਦਾ ਲਖਾਇਕ ਹੈ । ਗੁਰੂ ਰਾਮਦਾਸ ਜੀ ਦੀ ਪ੍ਰਤਿਭਾ (Genius) ਦੀ ਵਿਲੱਖਣਤਾ 'ਸੋ ਪੁਰਖੁ' ਦੇ ਸਿਰਲੇਖ ਦੀ ਬਾਣੀ 'ਚੋਂ ਪ੍ਰਗਟ ਹੁੰਦੀ ਹੈ, ਇਹੀ ਕਾਰਨ ਹੈ ਕਿ ਉਨ੍ਹਾਂ ਸ਼ਬਦ ਨੂੰ 'ਪੁਰਖ' ਦੇ ਨਾਲ ਅਭੇਦ ਕਰ ਦਿਤਾ ਹੈ :—

(ੳ) ਪੁਰਖੁ ਸੁਜਾਨੁ ਤੂੰ ਪਰਧਾਨੁ
ਤੁਧੁ ਜੇਵਡੁ ਅਵਰੁ ਨ ਕੋਈ ॥
ਤੇਰਾ ਸਬਦੁ ਸਭੁ ਤੂੰ ਹੈ ਵਰਤਹਿ
ਤੂੰ ਆਪੇ ਕਰਹਿ ਸੁ ਹੋਈ ॥੩॥(੭॥੧੪)
[ਆਸਾ ਮ: ੪, ਪੰਨਾ ੪੬੮

(ਅ) ਸਤਿਗੁਰ ਬਾਣੀ ਪੁਰਖੁ ਪੁਰਖੋਤਮ...॥੨॥
[ਕਾਨੜਾ ਮ: ੪. ਪੰਨਾ ੧੩੦੮

ਇਕ ਦਾਰਸ਼ਨਿਕ ਸੰਕਲਪ ਵਜੋਂ ਸ਼ਖਸੀ ਰੱਬ (ਪੁਰਖ, ਨੂੰ 'ਮਨ ਤੇ ਇਛਾ' (Mind and Will) ਦਾ ਧਾਰਨੀ ਮੰਨਿਆ ਜਾਂਦਾ ਹੈ, ਜੋ ਜਗਿਆਸੂ ਦੀ ਸੰਬੰਧ-ਸਥਾਪਤੀ ਦਾ ਆਦਰਸ਼ ਬਣਦਾ ਹੈ । 'ਪੁਰਖੁ' ਕਿਰਪਾ ਕਰਨ ਵਾਲਾ ਰੱਬ ਹੁੰਦਾ ਹੈ, ਜਿਸ ਨਾਲ ਧਰਮੀ-ਜੀਉੜਾ ਆਤਮਿਕ-ਅਨੁਭਵ ਦੀ ਸਿਖਰ ਤੇ ਸਿਧੀ ਗੱਲ-ਬਾਤ (Direct Dialogue) ਵੀ ਕਰਦਾ ਹੈ । ਪੁਰਖ ਦਾ ਸੌਂਦਰਯ ਸਰੂਪ* ਹੀ ਮਨ ਦੀਆਂ ਗਹਿਰਾਈਆਂ ਨੂੰ ਟੁੰਬਦਾ ਹੈ । ਵਿਸਮਾਦੀ ਰੰਗਣ ਵਿਚ ਰੰਗੇ ਹੋਏ ਮਨ ਅੰਦਰ ਜਦੋਂ ਪ੍ਰੇਮਾ-ਭਗਤੀ ਦੀਆਂ ਤਰੰਗਾਂ ਉਠਦੀਆਂ ਹਨ ਤਾਂ ਉਹ ਆਪਣੇ ਰੱਬ ਨੂੰ ਪ੍ਰੇਮੀ ਤਸੱਵਰ ਕਰਕੇ ਉਸ ਦਾ ਮਾਨਵੀਕਰਨ ਕਰਦਾ ਹੈ, ਉਸ ਨੂੰ ਸ਼ਿੰਗਾਰਦਾ ਹੈ, ਉਸ ਨਾਲ ਭਾਵੁਕ-ਇਕਸੁਰਤਾ ਪ੍ਰਾਪਤ ਕਰਨ ਦੀ ਤੀਬਰ ਲੋਚਾ ਰੱਖਦਾ ਹੈ । ਗੁਰੂ ਅਮਰਦਾਸ ਜੀ ਨੇ 'ਸ਼ਬਦ' ਨੂੰ ਸੱਚਾ-ਪਤੀ (ਭਤਾਰੁ) ਦਰਸਾ ਕੇ ਇਸ ਦੇ ਪੁਰਖੁ ਸਰੂਪ ਨੂੰ ਨਿਖਾਰ ਕੇ ਪ੍ਰਗਟਾਇਆ ਹੈ :—

(ੳ) ਸਚਾ ਸਬਦੁ ਭਤਾਰੁ ਹੈ
ਸਦਾ ਸਦਾ ਰਾਵੇਇ ॥੧॥੨੦॥
[ਸਲੋਕ ਮ: ੩, ਪੰਨਾ ੩੧੧

(ਅ) ਕੰਚਨ ਦੇਹੀ ਸਬਦੁ ਭਤਾਰੋ ॥
ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥
ਮਹਲਾ ਅੰਦਰਿ ਗੈਰ ਮਹਲੁ ਪਾਏ
ਭਾਣਾ ਬੁਝਿ ਸਮਾਹਾ ਹੇ ॥੧੪॥
(ਮਾਰੂ ਮ: ੩, ਪੰਨਾ ੧੦੫੮

ਸ਼ਬਦ ਵਿਚ ਹੀ ਗੁਰੂ ਦੀ ਹਸਤੀ ਹੈ, ਗੁਰੂ ਦਾ ਸਰੂਪ ਹੈ, ਗੁਰੂ ਦੀ ਸ਼ਖਸੀਅਤ ਹੈ, ਜੋ 'ਪੁਰਖੁ' ਨਾਲ ਅਭੇਦ ਹੈ । ਲੇਕਿਨ ਸ਼ਬਦ ਦੇ ਪੁਰਖੁ ਸਰੂਪ ਨੂੰ ਕਿਸੇ ਮਨੁਖ ਮਈ ਸੰਕਲਪ (Anthromorphic Concept) ਦੇ ਤੌਰ ਤੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਅਕਾਲ ਅਤੇ ਅਜੂਨੀ 'ਪੁਰਖੁ' ਦੇ ਅਨਿਵਾਰੀ ਗੁਣ ਹਨ, ਜੋ ਉਸ ਨੂੰ ਮਨੁੱਖ ਨਾਲੋਂ ਨਿਖੇੜਦੇ ਹਨ । ਮਨੁੱਖ ਸਮੇਂ ਤੇ ਸਥਾਨ ਦੀਆਂ ਹੱਦਾਂ ਵਿਚ ਕਰਮ-ਬੱਧ ਹੈ, ਜਦ ਕਿ ਅਬਿਨਾਸ਼ੀ 'ਪੁਰਖੁ' ਇਕ ਸੁਤੰਤਰ ਹਸਤੀ ਹੈ, ਜੋ ਜਨਮ ਮਰਨ ਤੋਂ ਰਹਿਤ ਹੈ :—

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ
ਨਾ ਜਾਇ ॥ ਓਹੁ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ ॥੧੩॥
[ਰਾਗ ਸੂਹੀ ਮ: ੪, ਪੰਨਾ ੭੫੯

ਇਸ ਪੱਖ ਤੋਂ ਭਾਰਤੀ-ਦਰਸ਼ਨ ਦੇ ਅਵਤਾਰ-ਵਾਦ ਅਤੇ ਈਸਾਈ ਮਤ ਦੇ ਇਨਕਾਰਨੇਸ਼ਨ (Incarnation) ਦੇ ਸਿਧਾਂਤਾਂ ਦਾ ਮੂਲੋਂ ਹੀ ਖੰਡਨ ਹੋ ਜਾਂਦਾ ਹੈ । ਗੁਰਮਤਿ ਚਿੰਤਨ ਦੇ ਇਕ ਵਿਦਵਾਨ* ਨੇ

---

* ਕਿ ਸਾਹਿਬ ਦਿਮਾਗ ਹੈਂ ॥ ਕਿ ਹੁਸਨਲ ਚਰਾਗ ਹੈਂ ॥
ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ ਹੈਂ ॥
[ਜਾਪੁ ਸਾਹਿਬ, ਪਾਤਸ਼ਾਹੀ ੧੦
ਜਾਪ ਸਾਹਿਬ 'ਸੋ ਪੁਰਖੁ' ਦੇ ਸਰੂਪ ਦਾ ਹੀ ਅਦਭੁਤ ਚਿਤਰਣ ਹੈ ।

* ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਪੈਂਫਲੈਟ 'ਸਿਖ ਸਿਧਾਂਤ ਤੇ ਨਿਰੰਕਾਰੀ ਸੰਪ੍ਰਦਾਇ' ਪੰਨਾ ੧੩, ਫੁਟਨੋਟ । (ਲੇਖਕ ਦਾ ਨਾਂ ਨਹੀਂ ਦਿਤਾ ।



www.AKJ.Org

ਲਿਖਿਆ ਹੈ ਕਿ "ਹੋਰਨਾਂ ਧਾਰਮਿਕ ਫਲਸਫ਼ਿਆਂ ਦੇ ਮੁਕਾਬਲੇ ਸਿਖ ਮੱਤ ਦੀ ਇਕ ਇਹ ਵਿਸ਼ੇਸ਼ਤਾਈ ਹੈ ਕਿ ਇਸ ਵਿਚ ਕਲਿਆਣਕਾਰੀ ਮੁਕਤੀ ਦਾਤਾ (ਬਾਣੀ ਰੂਪ) ਗੁਰੂ-ਜੋਤਿ ਹੈ, ਗੁਰੂ ਦੇਹ ਨਹੀਂ। ਈਸਾਈ ਮਜ਼ਹਬ ਵਿਚ ਮੁਕਤੀ ਦਾਤਾ ਯਸੂ-ਮਸੀਹ ਦੀ ਦੇਹ ਹੈ (The Person of Jesus Christ) ਕਿਉਂਕਿ ਈਸਾਈ ਮੱਤ ਅਨੁਸਾਰ ਯਸੂ ਮਸੀਹ ਨੂੰ ਅਨਹਦ ਸ਼ਬਦ ਦਾ ਮੁਜੱਸਮਾ, ਜਿਸਮਾਨੀ ਰੂਪ, ਤਸੱਵਰ ਕੀਤਾ ਗਿਆ ਹੈ :—

The Divine word made flesh in the person of Jesus Christ.

ਹਿੰਦੂ ਧਰਮ ਦੇ ਅਵਤਾਰਵਾਦ ਤੇ ਬੁੱਤ ਪੂਜਾ ਪਿਛੇ ਵੀ ਇਹੋ ਵਿਚਾਰ-ਤੰਦ ਹੈ ਕਿ ਅਵਤਾਰ, ਬੁੱਤ, ਬ੍ਰਹਮ ਜਾਂ ਵਿਸ਼ਨੂੰ ਦਾ (ਦੇਹ ਧਾਰੀ) ਰੂਪ ਹੈ, ਮੁਜੱਸਮਾ ਹੈ। ਦੂਜੇ ਪਾਸੇ ਸਿੱਖ ਮੱਤ ਵਿਚ 'ਗੁਰੂ' ਅਨਹਦ ਸ਼ਬਦ ਦਾ ਮਾਧਿਅਮ ਹੈ, ਮੁਜੱਸਮਾ ਨਹੀਂ। ਸੋ ਗੁਰੂਤ੍ਵ ਗੁਰੂ-ਦੇਹ ਨਹੀਂ, ਗੁਰੂ 'ਜੋਤਿ' ਹੈ। ਮਥੁਰਾ ਭੱਟ ਨੇ ਗੁਰੂ ਨਾਨਕ ਦੇਵ ਜੀ ਨੂੰ "ਜੋਤਿ ਰੂਪਿ" ਆਖ ਕੇ ਸ਼ਬਦ-ਗੁਰੂ ਦੇ ਸਿਧਾਂਤ ਦੀ ਹੀ ਪ੍ਰੋੜ੍ਹਤਾ ਕੀਤੀ ਹੈ :—

ਜੋਤਿ ਰੂਪ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰ ਥਿਰ ਕੀਅਉ ॥ ਅਮਰਦਾਸ ਅਮਰਤ ਛਤ੍ਰ ਗੁਰ ਰਾਮਹਿ ਦੀਅਉ ॥ ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥ ਮੂਰਤਿ ਪੰਚ ਪ੍ਰਮਾਣ 'ਪੁਰਖੁ' ਗੁਰ ਅਰਜਨੁ ਪਿਖਹੁ ਨਯਣ ॥

[ਸਵਈਏ ਮਹਲੇ ਪੰਜਵੇ ਕੇ, ਪੰਨਾ ੧੪੦੮

ਰਾਮਕਲੀ ਰਾਗ ਵਿਚ ਗੁਰੂ ਅਰਜਨ ਸਾਹਿਬ ਨੇ 'ਸਤਿਗੁਰੂ' ਦੀ ਉਪਮਾ ਕਰਦਿਆਂ ਫੁਰਮਾਇਆ ਹੈ ਕਿ ਗੁਰੂ ਮਾਇਆ ਤੋਂ ਰਹਿਤ ਅਕਾਲ ਪੁਰਖ ਦਾ ਹੀ ਸਰੂਪ ਹੁੰਦਾ ਹੈ, ਉਸ ਨੂੰ ਕਦੇ ਵੀ ਇਕ ਮਨੁੱਖ ਦਾ ਰੂਪ ਕਰ ਕੇ ਨਹੀਂ ਸਮਝਣਾ :—

...ਸਤਿਗੁਰੁ ਨਿਰੰਜਨੁ ਸੋਇ ॥
ਮਾਨੁਖ ਕਾ ਕਰਿ ਰੂਪੁ ਨ ਜਾਨ ॥...

[ਰਾਮਕਲੀ ਮ: ੫, ਪੰਨਾ ੮੯੫

ਸਿਧਾਂ ਨੇ ਗੁਰੂ ਨਾਨਕ ਜੀ ਤੋਂ ਪੁਛਿਆ, "ਜੀਵਨ ਦਾ ਮੂਲ ਕੀ ਹੈ ? ਸਿਖਿਆ ਲੈਣ ਦਾ ਕਿਹੜਾ ਸਮਾਂ ਹੈ ? ਤੂੰ ਕਿਸ ਗੁਰੂ ਦਾ ਚੇਲਾ ਹੈਂ ?'

ਕਵਣ ਮੂਲੁ ਕਵਣ ਮਤਿ ਵੇਲਾ ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥੪੩॥

[ਰਾਮਕਲੀ ਮ: ੧, ਪੰਨਾ ੯੪੨

ਗੁਰੂ ਜੀ ਨੇ ਉਤਰ ਦਿੰਦੇ ਹੋਏ ਫੁਰਮਾਇਆ ਕਿ ਪ੍ਰਾਣ ਹਸਤੀ ਦਾ ਮੁੱਢ ਹੈ, ਹੋਰ ਕੋਈ ਨਹੀਂ। ਇਹ ਮਨੁੱਖਾ ਜਨਮ ਹੀ ਵਾਹਿਗੁਰੂ ਦੀ ਸਿਖਿਆ ਲੈਣ ਦਾ ਅਮੋਲਕ ਸਮਾਂ ਹੈ। ਸ਼ਬਦ ਗੁਰੂ ਹੈ ਅਤੇ ਸੁਰਤਿ ਦਾ ਲਗਾਤਾਰ ਟਿਕਾਉ ਹੀ ਸ਼ਬਦ-ਗੁਰੂ ਦਾ ਚੇਲਾ ਹੈ, ਕਿਉਂਕਿ 'ਸ਼ਬਦ' ਵੀ ਸੂਖਮ ਹੈ ਅਤੇ 'ਸੁਰਤਿ' ਵੀ ਸੂਖਮ ਹੈ, ਦੋਹਾਂ ਦਾ ਰਿਸ਼ਤਾ ਪ੍ਰੇਮ ਦੀ ਤਾਰ ਦਾ ਹੈ, ਲਿਵ ਦਾ ਹੈ :—

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪॥

[ਰਾਮਕਲੀ ਮ: ੧, ਪੰਨਾ ੯੪੩

ਡਾਕਟਰ ਬਲਬੀਰ ਸਿੰਘ ਦੇ ਕਥਨ ਅਨੁਸਾਰ* "ਸ਼ਬਦ ਇਕ ਅਨੁਭਵ ਗੋਚਰ ਚੀਜ਼ ਹੈ। ਇਸ ਦਾ ਪੂਰਾ ਜਾਇਜ਼ਾ ਜਿਹੜੀ ਅੰਦਰ ਬਿਰਤੀ ਲੈ ਸਕਦੀ ਹੈ ਉਹ 'ਸੁਰਤਿ' ਹੈ। ਸੁਰਤਿ ਮਹਿਸੂਸ ਕਰਦੀ ਹੈ ਸ਼ਬਦ ਦੀ ਹਸਤੀ ਨੂੰ ਸ਼ਬਦ ਦੇ ਸਰਗੁਣ ਵਜੂਦ ਨੂੰ, ਸ਼ਬਦ ਦੀ ਅਨਹਦ ਵਿਆਪਕਤਾ ਨੂੰ, ਸ਼ਬਦ ਦੀ ਨਿਰੰਕਾਰਤਾ ਨੂੰ, ਸ਼ਬਦ ਦੀ ਅਸ਼ਬਦਤਾ ਨੂੰ।" ਬਲਵਾਨ ਸੁਰਤਿ ਵਾਲੇ ਹੀ ਸ਼ਬਦ-ਗੁਰੂ ਦੇ ਮਰਮ ਨੂੰ ਪਾ ਸਕਦੇ ਹਨ। 'ਸਿਖਾਂ ਦੀ ਭਗਤਮਾਲ' ਵਿਚ ਭਾਈ ਮਨੀ ਸਿੰਘ ਨੇ ਲਿਖਿਆ।

* ਡਾਕਟਰ ਬਲਬੀਰ ਸਿੰਘ 'ਸੁਰਤਿ ਸ਼ਬਦ ਵਿਚਾਰ' ਪੰਜਾਬੀ ਯੂਨੀਵਰਸਿਟੀ, ਪੰਨਾ ੩੦



www.AKJ.Org

ਹੈ ਕਿ ਜਦੋਂ ਪ੍ਰਿਥਾ ਤੇ ਖੇੜਾ ਸੋਇਨੀ ਜਾਤ ਦੇ ਖਤ੍ਰੀ ਗੁਰੂ ਨਾਨਕ ਜੀ ਦੇ ਦਰਸ਼ਨ ਕਰਨ ਲਈ ਕਰਤਾਰਪੁਰ ਆਏ ਅਤੇ ਉਨ੍ਹਾਂ ਸਦਾ ਚਰਨ-ਸ਼ਰਨ ਦੀ ਜਾਚਨਾ ਕੀਤੀ ਤਾਂ ਬਚਨ ਹੋਇਆ :–

"ਸਰੀਰ ਮੇਰਾ ਸਰਗੁਣ ਹੈ ਤੇ ਸਬਦੁ ਮੇਰਾ ਰਿਦਾ ਹੈ, ਨਿਰਗੁਣ ਰੂਪ ਹੈ, ਜੇ ਸਰੀਰ ਨਾਲ ਮਿਲੋਗੇ ਤਾਂ ਫੇਰਿ ਭੀ ਵਿਛੁੜੋਗੇ ਤੇ ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੁੜੋਗੇ ਨਹੀਂ।"†

ਉਪ੍ਰੋਕਤ ਸਮੁੱਚੀ ਵਿਚਾਰ ਦਾ ਮਨੋਰਥ ਇਸ ਤੱਥ ਦਾ ਪ੍ਰਗਟਾਵ ਕਰਨਾ ਸੀ ਕਿ ਸ਼ਬਦ ਗੁਰੂ ਅਤੇ ਅਕਾਲ ਪੁਰਖ ਤਿੰਨੇ ਹੀ ਇਕ ਮਿਕ ਹਨ। ਸ਼ਬਦ-ਗੁਰੂ ਦੇ ਸਿਧਾਂਤ ਨੂੰ ਸਮਝਣ ਦਾ ਇਹ ਇਕ ਯਤਨ ਹੈ।

## ਸਾਧਨਾ ਪੱਖ (੨)

ਧਾਰਮਿਕ ਜ਼ਿੰਦਗੀ ਬਣਾਣਾ ਨਿਰਾ ਸਮਝਣ ਸਮਝਾਣ ਤਕ ਹੀ ਸੀਮਤ ਨਹੀਂ ਹੁੰਦਾ, ਬਲਕਿ ਇਸ ਦੇ ਲਈ ਅਮਲੀ ਕਦਮ ਪੁਟਣੇ ਪੈਂਦੇ ਹਨ, ਜਿਨ੍ਹਾਂ ਦੇ ਨਾਲ ਮਨੁੱਖ ਦੀ ਸ਼ਖਸੀਅਤ ਸੰਵਰਦੀ ਰਹਿੰਦੀ ਹੈ। 'ਜਪੁਜੀ' ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ 'ਸੁਨਿਆਰੇ ਦੀ ਦੁਕਾਨ' ਦੇ ਸਾਰੇ ਪ੍ਰਤੀਕ ਵਰਤ ਕੇ ਇਕ ਸੱਚੇ ਟਕਸਾਲੀ ਆਚਰਨ ਦੀ ਘਾੜਤ ਨੂੰ ਬਹੁਤ ਖ਼ੂਬਸੂਰਤੀ ਨਾਲ ਦਰਸਾਇਆ ਹੈ :–

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥

[ਜਪੁਜੀ ਪੰਨਾ ੮

'ਘੜੀਐ ਸਬਦੁ' ਤੋਂ ਮੁਰਾਦ ਇਕ ਅਦੁੱਤੀ-ਸ਼ਖਸੀਅਤ ਦੀ ਉਸਾਰੀ ਹੈ, ਜਿਸ ਦੇ ਕੁਲ ਪਹਿਲੂ ਮਾਨਸਕ, ਬੌਧਿਕ, ਸਦਾਚਾਰਕ ਅਤੇ ਆਤਮਿਕ, ਸੰਪੂਰਨਤਾ ਅਤੇ ਰਜੇਵੇਂ ਦੇ ਲਖਾਇਕ ਹੁੰਦੇ ਹਨ। ਇਥੇ 'ਸ਼ਬਦ' ਮਨੁਖ ਦੀਆਂ ਮਨ-ਚਿੰਦੀਆਂ ਕਦਰਾਂ (values) ਦਾ ਸਮੂਹ ਸਵੀਕਾਰ ਕੀਤਾ ਜਾ ਸਕਦਾ ਹੈ, ਜਿਸ ਨੂੰ ਮਨੁੱਖ ਆਪਣਾ ਪਰਮ ਸ਼ੁਭ (Summum Bonum) ਮੰਨ ਕੇ ਆਪਣੀ ਘਾਲਣਾ, ਸਿਮਰਨ ਤੇ ਉੱਦਮ ਦਾ ਧੁਰਾ ਬਣਾ ਸਕਦਾ ਹੈ। ਜਤੁ, ਧੀਰਜੁ, ਮਤਿ, ਵੇਦੁ (ਗਿਆਨ) ਭਉ, ਤਪ, ਭਾਉ ਅਤੇ ਅੰਮ੍ਰਿਤ (ਨਾਮੁ) ਆਦਿਕ ਅਨੇਕ ਕੀਮਤਾਂ ਦੇ ਸਦੀਵੀ ਅਨੁਭਵ ਨੂੰ ਅਸੀਂ 'ਸ਼ਬਦ ਦਾ ਮਾਰਗ' ਕਹਿ ਸਕਦੇ ਹਾਂ।

ਸ਼ਬਦ ਦੇ ਮਾਰਗ ਵਿਚ ਬਾਹਰਮੁਖੀ ਕਰਮ-ਕਾਂਡੀ ਅਡੰਬਰ ਦੀ ਲੋੜ ਨਹੀਂ, ਮੂਰਤੀ ਪੂਜਾ ਲਈ ਕੋਈ ਥਾਂ ਨਹੀਂ ਅਤੇ ਨਾ ਹੀ ਕਿਸੇ ਅਵਤਾਰ ਦੀ ਵਿਸ਼ੇਸ਼ਤਾ। ਇਨ੍ਹਾਂ ਦੇ ਮੁਕਾਬਲੇ ਤੇ 'ਸ਼ਬਦ ਦੀ ਕਮਾਈ' ਤੇ ਬਲ ਦਿਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਲਫ਼ਜ਼ 'ਗੁਰਬਾਣੀ ਕਹੈ', ਸਬਦਿ ਵੀਚਾਰ' 'ਸਬਦ ਖੋਜਿ' 'ਸਬਦੁ ਚੀਨਹਿ' ਆਦਿ ਸ਼ਬਦ ਦੀ ਕਮਾਈ ਵਲ ਹੀ ਸੰਕੇਤ ਕਰਦੇ ਹਨ :–

(ੳ) ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ ॥੫॥(੮॥੪)

[ਨਟ ਮ: ੪, ਪੰਨਾ ੯੮੨

(ਅ) ਸਬਦੁ ਖੋਜਿ ਇਹੁ ਘਰੁ ਲਹੈ
ਨਾਨਕੁ ਤਾ ਕਾ ਦਾਸੁ ॥੧॥(੨੭)

[ਸਲੋਕੁ ਮ: ੧, ਮਲਾਰ ਕੀ ਵਾਰ, ਪੰਨਾ ੧੨੯੧

ਗੁਰੂ ਅਮਰਦਾਸ ਜੀ ਨੇ ਸ਼ਬਦ ਦੀ ਵਿਚਾਰ ਦੇ ਮਹੱਤਵ ਪੂਰਨ ਪੱਖ ਨੂੰ ਉਜਾਗਰ ਕਰਦਿਆਂ ਹੋਇਆਂ ਚਿਤਾਵਨੀ ਵੀ ਦਿਤੀ ਹੈ ਕਿ ਗੁਰੂ ਨੂੰ ਵੇਖਣ ਨਾਲ ਹੀ ਦੁਨਿਆਵੀ ਬੰਧਨਾਂ ਤੋਂ ਛੁਟਕਾਰਾ ਨਹੀਂ ਮਿਲਦਾ। (ਇਥੇ ਗੁਰੂ ਨੂੰ ਵੇਖਣ ਤੋਂ ਭਾਵ ਗੁਰੂ-ਦੇਹ ਦੇ ਦਰਸ਼ਨ ਹਨ ਜਾਂ ਅਜ ਕੱਲ੍ਹ ਸਿਰਫ ਮਥਾ

---

†ਭਾਈ ਮਨੀ ਸਿੰਘ, ਸਿਖਾਂ ਦੀ ਭਗਤਮਾਲ (ਸੰਪਾਦਕ ਭਾਈ ਵੀਰ ਸਿੰਘ ਜੀ)



www.AKJ.Org

ਟੇਕਣਾ ਹੈ) :–

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥(੨੧)

[ਸਲੋਕੁ ਮ: ੩, ਵਾਰ ਵਡਹੰਸ, ਪੰਨਾ ੫੯੪

ਸ਼ਬਦ ਦੀ ਵੀਚਾਰ(ਅਭਿਆਸ)ਨਾਲ ਹੀ ਸਿਮਰਨ ਨੇ ਆਰੰਭ ਹੋਣਾ ਹੈ, ਸ਼ਬਦ ਨੇ ਹੀ 'ਨਾਮ' ਨੂੰ ਪ੍ਰਫੁਲਤ ਕਰਨਾ ਹੈ, ਸ਼ਬਦ ਨੇ ਹੀ ਪ੍ਰਚੰਡ ਗਿਆਨ ਦੇ ਰੂਪ ਵਿਚ ਆਤਮਕ ਮੰਡਲ ਵਿਚ ਅਗਵਾਈ ਕਰਨੀ ਹੈ, ਮਨ ਦੇ ਸੰਸੇ ਦੂਰ ਕਰਨੇ ਹਨ, ਸ਼ਬਦ ਦੇ ਸਦਕਾ ਹੀ ਅੰਤਿਮ ਹਕੀਕਤ ਦਾ ਪ੍ਰਤੱਖ ਅਨੁਭਵ ਹੋਣਾ ਹੈ।

ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥ ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥ ਅੰਮ੍ਰਿਤ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥

[ਮ: ੩, ਵਾਰ ਸੋਰਠ, ਪੰਨਾ ੬੪੪

ਸ਼ਬਦ ਦੀ ਰੌਸ਼ਨੀ ਵਿਚ ਜਦੋਂ ਕੋਈ ਗੁਰਮੁਖ ਆਤਮ-ਵਿਸ਼ਲੇਸ਼ਣ (Self analysis) ਕਰਦਾ ਹੈ, ਆਪਣੇ ਆਪੇ ਨੂੰ ਖੋਜਦਾ ਹੈ ਤਾਂ ਉਹ ਸਰੀਰ ਤੋਂ ਉੱਚਾ ਉਠ ਕੇ ਆਪਣੇ 'ਅਸਲੇ' ਨਾਲ ਇਕ-ਸੁਰ ਹੋ ਜਾਂਦਾ ਹੈ, ਜਿਥੇ ਉਸ ਨੂੰ ਅਥਾਹ ਅਨੰਦ ਦੀ ਅਨਭੂਤੀ ਹੁੰਦੀ ਹੈ। ਇਸ ਸਦਾ-ਵਿਗਾਸ ਅਵਸਥਾ ਵਿਚ ਉਸ ਅੰਦਰ ਬ੍ਰਹਿਮੰਡੀ ਚੇਤਨਾ (Comic Consciousness). ਦਾ ਉਜਾਲਾ ਹੋ ਜਾਂਦਾ ਹੈ ਤੇ ਉਸ ਨੂੰ ਤ੍ਰਿਭਵਣ ਦੀ ਸੋਝੀ ਹੋ ਜਾਂਦੀ ਹੈ :—

ਸਬਦੁ ਚੀਨਹਿ ਤਾ ਮਹਲੁ ਲਹਹਿ ਜੋਤੀ ਜੋਤਿ ਸਮਾਇ ॥ ਸਦਾ ਸਚੇ ਕਾ ਭਉ ਮਨਿ ਵਸੈ ਤਾ ਸਭਾ ਸੋਝੀ ਪਾਇ ॥ ਸਤਿਗੁਰੁ ਆਪਣੈ ਘਰਿ ਵਰਤਦਾ ਆਪੇ ਲਏ ਮਿਲਾਇ ॥੨॥(੧੮)

[ਮ: ੩, ਵਾਰ ਸੋਰਠ, ਪੰਨਾ ੬੪੯

ਸ਼ਬਦ ਦੀ ਕਮਾਈ ਦੀ ਚਰਮ-ਸੀਮਾ (Climax) ਹੈ 'ਸ਼ਬਦ ਵਿਚ ਮਰ ਜਾਣਾ'। ਇਸ ਵਿਚ ਹਉਮੈ ਦੀ ਬਿਰਤੀ ਦਾ ਮੁਕੰਮਲ ਖਾਤਮਾ ਹੈ, ਕਿਉਂਕਿ ਹਉਮੈ ਹੀ ਬੰਧਨ* ਦਾ ਮੂਲ ਕਾਰਨ ਹੈ, ਜਿਸ ਦੇ ਅਸਰ ਹੇਠ ਮਨੁੱਖ ਸੀਮਤ ਅਤੇ ਖ਼ੁਦਗਰਜ਼ ਭਾਵਨਾ ਨਾਲ ਵਿਚਰਦਾ ਹੈ। ਹਉਮੈ ਦੀ ਅਗਵਾਈ ਵਿਚ ਵਿਚਰਦੇ ਮਨੁੱਖ ਨੂੰ ਹੀ 'ਮਨਮੁਖ' ਆਖਿਆ ਗਿਆ ਹੈ, ਜੋ ਸੰਸਾਰ ਦੇ ਤ੍ਰਾਸਦ-ਕੁਚੱਕਰ (vicious circle) ਵਿਚ ਫਸਿਆ ਰਹਿੰਦਾ ਹੈ। ਉਸ ਦੀ ਹੋਂਦ-ਅਵਸਥਾ (Existential Condition) ਪਸ਼ੂ-ਪੱਧਰ‡ ਤੋਂ ਕਿਸੇ ਵੀ ਤਰ੍ਹਾਂ ਉਪਰ ਨਹੀਂ ਆਖੀ ਜਾ ਸਕਦੀ। ਹਉਮੈ-ਅਧੀਨ ਹੀ ਪੰਜ ਮਨੋ-ਵਿਕਾਰ ਆਤਮਿਕ ਤੇ ਤੇ ਮਾਨਸਿਕ ਸ਼ਕਤੀ (Emiotive Energy) ਨੂੰ ਖੀਣ ਕਰਦੇ ਹਨ, ਜਿਸ ਨੂੰ ਗੁਰਬਾਣੀ ਵਿਚ 'ਅੰਮ੍ਰਿਤ ਲੁਟਣ' ਨਾਲ ਤਸ਼ਬੀਹ ਦਿਤੀ ਗਈ ਹੈ। ਸ਼ਬਦ ਦੀ ਕਮਾਈ ਨਾਲ ਹਉਮੈ (ਮੈਂ ਮੈਂ ਦੀ ਭਾਵਨਾ) ਨੂੰ ਮਾਰਨਾ ਹੈ। ਡਾਕਟਰ ਬਲਬੀਰ ਸਿੰਘ† ਨੇ ਲਿਖਿਆ ਹੈ "ਕਿ ਸ਼ਬਦ ਦੀ ਕਮਾਈ ਵਿਚ ਆਪਣੇ 'ਆਪ' ਦਾ ਇਨਕਾਰ ਹੈ, ਆਪਣੇ 'ਆਪ' ਨੂੰ ਮਨਫੀ (Negate) ਕਰਨਾ ਹੈ। ਸ਼ਬਦ ਦੇ ਵਿਚ ਹੀ ਆਪਣੇ ਆਪ ਨੂੰ ਡੋਬ ਦੇਣਾ ਹੈ। ਉਸ ਵਿਚ ਜਜ਼ਬ ਹੋ ਜਾਣਾ ਹੈ, ਉਸ ਵਿਚ ਮਰ ਜਾਣਾ ਹੈ। ਪ੍ਰਾਪਤੀ ਸਾਰੀ ਇਸ ਮਰ ਜਾਣ ਤੋਂ ਹੈ।" ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ ਕਿ ਜਿਹੜੇ ਗੁਰਮੁਖ ਸ਼ਬਦ ਰਾਹੀਂ ਆਪਾ ਭਾਵ ਮਾਰ ਲੈਂਦੇ ਹਨ, ਉਹ ਸ਼ਬਦ ਦੀ ਰੌਸ਼ਨੀ ਵਿਚ ਸਦ-ਜੀਵਨ ਨੂੰ ਪ੍ਰਾਪਤ ਹੁੰਦੇ ਹਨ, ਅਮਰ ਹੋ ਜਾਂਦੇ ਹਨ :–

---

* ਹਉਮੈ ਬੰਧਨਿ ਬੰਧਿ ਭਵਾਵੈ ॥੮॥੧੩॥
(ਗਉੜੀ ਮ: ੧, ਪੰਨਾ ੨੨੭)

‡ ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥੧੪॥
[ਮਲਾਰ ਮ: ੧, ਪੰਨਾ ੧੨੮੪

†ਡਾਕਟਰ ਬਲਬੀਰ ਸਿੰਘ 'ਸੁਰਤਿ-ਸ਼ਬਦ ਵਿਚਾਰ' ਪੰਨਾ ੩੨



www.AKJ.Org

(ੳ) ਸਬਦਿ ਮਰਹੁ ਫਿਰਿ ਜੀਵਹੁ ਸਦ ਹੀ
ਤਾ ਫਿਰਿ ਮਰਣੁ ਨ ਹੋਈ ॥੩॥(੪॥੧੧)
[ਸੋਰਠਿ ਮ: ੩, ਪੰਨਾ ੬੦੪

(ਅ) ਸਬਦਿ ਮਰੈ ਸੋਈ ਜਨੁ ਸਿਝੈ
ਬਿਨੁ ਸਬਦੈ ਮੁਕਤਿ ਨ ਹੋਈ ॥੩੨॥
[ਸਲੋਕ ਮ: ੩, ਪੰਨਾ ੧੪੧੮

ਐਸੇ ਗੁਰਮੁਖਾਂ ਦੀ ਸਮੁੱਚੀ ਸ਼ਖਸੀਅਤ ਵਿਚ ਇਕ ਇਨਕਲਾਬ ਆ ਜਾਂਦਾ ਹੈ।ਉਨ੍ਹਾਂ ਦੇ ਵਿਵਹਾਰ ਵਿਚੋਂ ਸੰਪੂਰਨ ਤ੍ਰਿਪਤਤਾ ਦੀ ਝਲਕ ਡਲ੍ਹਕਾਂ ਮਾਰਦੀ ਹੈ। ਉਨ੍ਹਾਂ ਦੇ ਸ਼ਬਦ ਨਾਲ ਸਾਧੇ ਹੋਏ ਆਚਰਨ ਵਿਚ ਨੈਤਿਕ ਗੁਣ : ਸਤ, ਸੰਤੋਖ, ਦਇਆ, ਗਰੀਬੀ (ਨਿੰਮ੍ਰਤਾ) ਹੌਂਸਲਾ, ਸੱਚਾਈ ਆਦਿ ਸੋਮੇ ਦੀ ਤਰ੍ਹਾਂ ਵਹਿ ਤੁਰਦੇ ਹਨ। ਉਹ ਸ਼ਬਦ ਵਿਚ 'ਸੁਰਤਿ' ਨੂੰ ਲੀਨ ਕਰ ਕੇ ਕਮਲ ਤੇ ਮੁਰਗਾਬੀ* ਦੀ ਤਰ੍ਹਾਂ ਨਿਰਲੇਪ ਰਹਿ ਕੇ ਇਸ ਸੰਸਾਰ ਵਿਚ ਵਿਚਰਦੇ ਹਨ।

ਸ਼ਬਦ ਦੇ ਮਾਰਗ ਵਿਚ ਭਾਂਜ-ਪ੍ਰਵਿਰਤੀ ਨੂੰ ਸਵੀਕਾਰ ਨਹੀਂ ਕੀਤਾ ਗਿਆ, ਸਗੋਂ ਹਲਤ ਤੇ ਪਲਤ ਦੋਹਾਂ ਨੂੰ ਇਕੋ ਵੇਲੇ ਸੰਵਾਰਨ ਤੇ ਬਲ ਹੈ। ਸ਼ਬਦੀ ਵਤੀਰੇ ਵਿਚ ਰਾਜ-ਜੋਗ, ਮੀਰੀ-ਪੀਰੀ ਭਗਤੀ-ਸ਼ਕਤੀ ਅਤੇ ਸ਼ਾਂਤੀ-ਕਰਾਂਤੀ ਦਾ ਸੁੰਦਰ ਤੇ ਅਦਭੁੱਤ ਸੁਮੇਲ ਦ੍ਰਿਸਟੀ ਗੋਚਰ ਹੁੰਦਾ ਹੈ।

* ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥੫॥
(ਰਾਮਕਲੀ ਮ: ੧, ਪੰਨਾ ੯੩੮)

## (੩)

ਸੰਸਾਰ ਭਰ ਦੇ ਪ੍ਰਸਿਧ ਇਤਿਹਾਸਕਾਰ ਆਰਨਲਡ ਟਾਇਨਬੀ‡ ਨੇ ਆਪਣੀ ਪੁਸਤਕ 'ਐਨ ਹਿਸਟੋਰੀਅਨ ਅਪਰੋਚ ਟੂ ਰਿਲੀਜਨ (An Historian's approach to Riligion) ਵਿਚ ਲਿਖਿਆ ਹੈ ਕਿ ਜਦ ਸਾਰਾ ਜਗਤ ਕੋਈ ਧਰਮ ਅਪਣਾਏਗਾ ਤਾਂ ਉਹ ਧਰਮ ਰਸਮਾਂ, ਰੀਤਾਂ, ਕਰਮ-ਕਾਂਡਾਂ ਜਾਂ ਮਿਥਿਹਾਸ ਵਾਲਾ ਨਹੀਂ ਹੋਵੇਗਾ, ਉਸ ਦਾ ਮੂਲ ਅਧਾਰ 'ਸ਼ਬਦ ਤੇ ਸੇਵਾ' ਵਾਲਾ ਹੋਵੇਗਾ। ਉਦਾਹਰਣ ਵਜੋਂ ਉਥੇ ਹੀ ਉਸ ਨੇ ਲਿਖਿਆ ਹੈ ਕਿ ਸੇਵਾ ਦਾ ਆਦਰਸ਼ ਤਾਂ ਈਸਾਈਆਂ ਨੇ ਅਪਣਾ ਲਿਆ ਹੈ ਤੇ ਸ਼ਬਦ ਦੀ ਪੂਜਾ ਦਾ ਪ੍ਰਯੋਗ ਸਿਖਾਂ ਦੀ 'ਗ੍ਰੰਥ ਪੂਜਾ' ਤੋਂ ਦੇਖਿਆ ਜਾ ਸਕਦਾ ਹੈ।

ਸ਼ਬਦ-ਗੁਰੂ ਦੇ ਸਿਧਾਂਤ ਨੂੰ ਅਪਣਾਉਣ ਨਾਲ ਹੀ ਅਧਿਆਤਮਕ ਸੁਤੰਤਰਤਾ ਪ੍ਰਾਪਤ ਹੁੰਦੀ ਹੈ ਤੇ ਮਨੁੱਖੀ ਗੁਲਾਮੀ ਤੋਂ ਛੁਟਕਾਰਾ ਮਿਲਦਾ ਹੈ। ਮਨੋ-ਵਿਗਿਆਨਕ ਦ੍ਰਿਸ਼ਟੀਕੋਣ ਤੋਂ ਇਹ ਗਲ ਬਹੁਤ ਹੀ ਮਹੱਤਵ ਵਾਲੀ ਹੈ ਕਿ ਜੇਕਰ ਮਨੁੱਖ ਦੀ 'ਸੁਰਤਿ' ਗੁਲਾਮ ਹੋ ਜਾਏ ਤਾਂ ਸਵੈਮਾਨ ਤੇ ਕਰਾਰੀ ਸੱਟ ਲਗਦੀ ਹੈ, ਮਨ ਸੁਤੰਤਰਤਾ ਨਾਲ ਉਸਾਰੂ ਰੁਚੀਆਂ ਵਲ ਨਹੀਂ ਵਧਦਾ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਸ਼ਬਦ ਦੇ ਲੜ ਲਾ ਕੇ ਸਮਝਾ ਦਿਤਾ ਕਿ ਇਸ ਸਿਧਾਂਤ ਤੋਂ ਬਿਨਾਂ ਸਾਰਾ ਸੰਸਾਰ ਹੀ ਪਾਗਲਪਨ 'ਚ ਗ੍ਰਸਿਆ ਰਹੇਗਾ :—

ਸਬਦੁ ਗੁਰੁ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ ॥ (੮॥੧)
[ਸੋਰਠਿ ਮ: ੧, ਪੰਨਾ ੬੩੫

‡(ਹਵਾਲਾ ਦਿਤਾ)ਸਤਿਬੀਰ ਸਿੰਘ ਰਛਿਆ ਰਹਿਤ ਪੰਨਾ ੭੪

# ਖਾਲਸਾ ਜੀ ਹੁਸ਼ਿਆਰ ਹੋ ਜਾਓ

[ਭਾ: ਭਜਨ ਸਿੰਘ ਜੀ 'ਭਜਨ' ਭਿੰਡਰ, ਦੜੇਵਾਲੀ]

ਉਲਝੀ ਤੰਦ ਨਹੀਂ, ਤਾਣੀ ਹੀ ਉਲਝ ਗਈ ਏ, ਸਿੰਘੋ ਸੂਰਿਓ ਹੁਣ ਤਿਆਰ ਹੋ ਜਾਓ।
ਗੁਰੂ-ਬਾਣੀ ਦੀ ਨਿੰਦਿਆ ਰੋਕਣੇ ਲਈ, ਥਾਂ ਥਾਂ ਖਾਲਸਾ ਜੀ ਹੁਸ਼ਿਆਰ ਹੋ ਜਾਓ।
ਸਾਰੀਆਂ ਸਿਖ ਸੰਪਰਦਾਵਾਂ ਇਕੱਠੀਆਂ ਹੋਇ ਕੇ ਤੇ, ਪਖੰਡੀ ਗੁਰੂ ਦੇ ਉਤੇ ਭਾਰ ਹੋ ਜਾਓ।
ਮਨਮਤੀ ਪਰਚਾਰਾਂ ਦੇ ਰੋਕਣੇ ਲਈ, ਸਾਰੇ ਖਾਲਸਾ ਜੀ ਪੱਬਾਂ ਦੇ ਭਾਰ ਹੋ ਜਾਓ।
ਨਿੰਦਿਆ ਗੁਰੂ-ਬਾਣੀ ਦੀ ਅਸਾਂ ਨਹੀਂ ਸਹਿਣ ਕਰਨੀ,ਟਿਕਾਓ ਮਨ ਦੇ ਵਿਚ ਵਿਚਾਰ ਸਾਰੇ।
ਭਰੋਸਾ ਰਖੋ ਅਕਾਲ ਤੇ 'ਭਜਨ' ਕਰ ਕੇ, ਕਾਰਜ ਕਰੇਗਾ ਆਪ ਹੀ ਕਰਤਾਰ ਸਾਰੇ।



www.AKJ.Org

# ਜਾਪੁ ਸਾਹਿਬ–ਕਾਵਿ ਅਨੁਵਾਦ (ਆਖ਼ਰੀ ਕਿਸ਼ਤ)

[ਵਲੋਂ—ਜੇ. ਪੀ. ਸੰਗਤ ਸਿੰਘ ਜ਼ੀ, 75/3 ਮੁਲੁੰਡ ਕਾਲੋਨੀ, ਬੰਬਈ-82]

## ਸਦਾ ਅੰਗ ਸੰਗੇ—ਪ੍ਰਭੂ

ਭੁਜੰਗ ਪ੍ਰਯਾਤ ਛੰਦ ॥

ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ ॥ ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥
ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥ ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥੧੯੭॥

ਸ਼ਬਦਾਰਥ—ਸਮਸਤ = ਸਾਰੇ। ਪ੍ਰਣਾਸੇ = ਨਾਸ ਕਰਨ ਵਾਲਾ। ਅਗੰਜੁਲ = ਅਜਿਤ। ਅਨਾਮੇ = ਨਾਮ ਰਹਿਤ। ਸਮਸਤੁਲ ਨਿਵਾਸੇ = ਸਭ ਦੇ ਅੰਦਰ ਮੌਜੂਦ। ਨ੍ਰਿਕਾਮੰ = ਕਾਮਨਾ ਦੇ ਪ੍ਰਭਾਵ ਤੋਂ ਸੁਤੰਤਰ। ਬਿਭੂਤ = ਤੇਜ ਪ੍ਰਤਾਪ। ਸੁਧਰਮ = ਫ਼ਰਜ਼-ਸ਼ਿਨਾਸੀ। ਬਿਭੂਤ = ਐਸ਼ਵਰਯ।

ਭਾਵਾਰਥ—ਤੂੰ ਸਭ ਦਾ ਪੂਜਯ ਹੈਂ, ਸਭ ਦਾ ਨਾਸ ਕਰਨ ਵਾਲਾ ਹੈਂ, ਅਜਿਤ ਹੈਂ, ਨਾਮ ਰਹਿਤ ਹੈਂ, ਤੇ ਹਰੇਕ ਹਿਰਦੇ ਵਿਚ ਵਸਦਾ ਹੈਂ। ਕਾਮਨਾ ਰਹਿਤ ਤੇਰਾ ਤੇਜ ਪ੍ਰਤਾਪ ਹੈ, ਹਰ ਸਰੂਪ ਤੇਰਾ ਹੀ ਸਰੂਪ ਹੈ। ਤੂੰ ਬਦੀਆਂ ਤੇ ਕੁਕਰਮਾਂ ਦਾ ਨਾਸ਼ਕ ਹੈਂ ਅਤੇ ਸਭ ਪ੍ਰਤੀ ਆਪਣੀਆਂ ਜ਼ਿਮੇਵਾਰੀਆਂ ਤੇ ਫ਼ਰਜ਼ ਨਿਭਾਣਾ ਤੇਰਾ ਐਸ਼ਵਰਯ ਹੈ।

ਕਾਵਿ ਭਾਵਾਰਥ—

ਨਮਸਕਾਰ ਤੈਨੂੰ ਸਭ ਦੇ ਪੂਜਯ ਪ੍ਰੀਤਮ, ਤੂੰ ਸਭ ਦਾ ਹੈਂ ਨਾਸ ਕਰਨ ਵਾਲਾ।
ਤੇਰਾ ਕੋਈ ਵਿਸ਼ੇਸ਼ ਇਕ ਨਾਉਂ ਨਹੀਂ ਹੈਂ, ਤੂੰ ਅਜਿੱਤ, ਸਭ ਵਿਚ ਵਾਸ ਕਰਨ ਵਾਲਾ।
ਹਰ ਇਕ ਰੂਪ ਹੈ ਤੇਰਾ ਸਰੂਪ, ਕਾਮਨਾ-ਰਹਿਤ ਤੇਰਾ ਤੇਜ ਪ੍ਰਤਾਪ ਪ੍ਰੀਤਮ।
ਤੂੰ ਹੈਂ ਬਦੀਆਂ, ਕੁਕਰਮਾਂ ਦਾ ਨਾਸ਼-ਕਰਤਾ, ਸਭ ਲਈ ਪੂਰਨ ਤੂੰ ਫ਼ਰਜ਼-ਸ਼ਨਾਸ ਪ੍ਰੀਤਮ।

ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ ॥ ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥
ਅਜਾਇਬ ਬਿਭੂਤੇ ਗਜਾਇਬ ਗਨੀਮੇ ॥ ਹਰੀਅੰ ਕਰੀਅੰ ਕਰ ਮੁਲ ਰਹੀਮੇ ॥੧੯੮॥

ਸਬਦਾਰਥ—ਸੱਚਿਦਾਨੰਦ = ਸਤ ਚਿਤ ਅਨੰਦ। ਸਤ = ਸਚ ਮੁਚ। ਚਿਤ = ਗੂੜ੍ਹ ਗਿਆਨ ਰਪ। ਅਨੰਦ = ਖੇੜਾ, ਖੁਸ਼ੀ ਰੂਪ। ਸਤ੍ਰ = ਵੈਰੀ। ਪ੍ਰਣਾਸੀ = ਨਾਸਕ। ਕਰੀਮੁਲ = ਬਖਸ਼ਿੰਦ। ਕੁਨਿੰਦਾ = ਰਚਣਹਾਰ, ਪੈਦਾ ਕਰਨ ਵਾਲਾ। ਅਜਾਇਬ = ਅਜਬ, ਅਸਚਰਜ। ਬਿਭੂਤ = ਤੇਜ ਪ੍ਰਤਾਪ। ਗਜਾਇਬ = ਕ੍ਰੋਧ ਸਰੂਪ। ਗਨੀਮੇ = ਵੈਰੀ ਉਤੇ। ਹਰੀਅੰ = ਹਰ ਲੈਣ ਵਾਲਾ, ਨਾਸ ਕਰਨ ਵਾਲਾ। ਕਰੀਅੰ = ਕਰਤਾਰ, ਕਰਤਾ। ਕਰੀਮੁਲ = ਕਿਰਪਾਲੂ। ਰਹੀਮੇ = ਦਿਆਲੂ।

ਭਾਵਾਰਥ—ਤੂੰ ਸਦੀਵ ਹੈਂ ਹਸਤੀ ਵਾਲਾ, ਗਿਆਨ ਸਰੂਪ ਅਤੇ ਅਨੰਦ ਰੂਪ ਹੈਂ। ਤੂੰ ਵੈਰੀਆਂ ਦਾ ਨਾਸ਼ਕ ਹੈ। ਦਿਆਲੂ ਹੈਂ, ਸਭ ਦਾ ਸਿਰਜਣਹਾਰ ਹੈਂ ਅਤੇ ਹਰ ਹਿਰਦੇ ਵਿਚ ਨਿਵਾਸ ਰਖਦਾ ਹੈਂ। ਤੇਰਾ ਤੇਜ ਪ੍ਰਤਾਪ ਅਸਚਰਜ ਹੈ। ਤੂੰ ਦੁਸ਼ਟਾਂ ਦੋਖੀਆਂ ਲਈ ਕ੍ਰੋਧ ਸਰੂਪ ਹੈਂ। ਤੂੰ ਸਭ ਦਾ ਨਾਸ਼ ਕਰਨ



www.AKJ.Org

ਵਾਲਾ ਤੇ ਸਭ ਦਾ ਸਿਰਜਣ ਵਾਲਾ ਹੈਂ । ਤੂੰ ਮਹਾਨ ਦਿਆਲੂ ਤੇ ਕਿਰਪਾਲੂ ਹੈਂ ।

ਕਾਵਿ ਭਾਵਾਰਥ—

ਸਤ ਚਿਤ ਅਨਦ ਹੈ ਪ੍ਰਭੂ ਮੇਰੇ, ਤੇਰੀ ਹੋਂਦ ਹੈ ਸਦਾ ਸਚਿਆਰ ਦਾਤਾ ।
ਨਾਸ ਕਰੇਂ ਤੂੰ ਦੋਖੀਆਂ ਵੈਰੀਆਂ ਦਾ, ਸਭ ਤੇ ਬਖ਼ਸ਼ਿਸ਼ਾਂ ਕਰੇਂ ਦਾਤਾਰ ਦਾਤਾ ।
ਸਿਰਜਣਹਾਰ ਸਭ ਦਾ, ਵਸਨੈ ਸਾਰਿਆਂ ਵਿਚ, ਅਜਬ ਗ਼ਜ਼ਬ ਹੈ ਤੇਰਾ ਪ੍ਰਤਾਪ ਪ੍ਰੀਤਮ ।
ਤੂੰ ਹੈਂ ਵੈਰੀਆਂ ਤੇ ਕਹਿਰ ਢਾਹੁਣ ਵਾਲਾ, ਨਾਸ ਕਰੇਂ ਸਭ ਦਾ ਤੂੰ ਹੀ ਆਪ ਪ੍ਰੀਤਮ ।
ਕਰੇਂ ਬਖਸ਼ਿਸ਼ਾਂ ਦਾਤਾ ਬਖਸ਼ਿੰਦ ਹੈਂ ਤੂੰ, ਕਰੇਂ ਕਰਮ ਸਭ ਤੇ ਤੂੰ ਕਰੀਮ ਦਾਤਾ ।
ਕਰੁਣਾ, ਤਰਸ ਤੇ ਰਹਿਮ ਦੀ ਮੂਰਤੀ ਏਂ, ਕਰੇਂ ਰਹਿਮਤਾਂ ਸਭ ਤੇ ਰਹੀਮ ਦਾਤਾ ।

ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ।। ਸ੍ਵਯੰਭਵ ਸੁਭੰ ਸਰਬਦਾ ਸਰਬ ਜੁਗਤੇ ।।
ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ ।। ਸਦਾ ਅੰਗ ਸੰਗੇ ਅਭੰਗੰ ਬਿਭੂਤੇ ।।੧੯੯।।

ਸ਼ਬਦਾਰਥ—ਚੱਤ੍ਰ=ਚੌਹਾਂ । ਚੱਕ੍ਰ=ਕੂਟਾਂ ਵਿਚ । ਵਰਤੀ=ਵਸ ਰਿਹਾ ਹੈਂ । ਭੁਗਤੇ=ਭੋਗਣ ਵਾਲਾ । ਸੁਯੰਭਵ=ਸੁਤੇ ਪ੍ਰਕਾਸ਼ । ਸੁਭੰ=ਸੁਹਣਾ । ਸਰਬਦਾ=ਸਦਾ, ਹਮੇਸ਼ਾ । ਸਰਬ ਜੁਗਤ=ਸਭ ਜੀਵਾਂ ਵਿਚ ਮਿਲਿਆ ਜੁਲਿਆ ਹੋਇਆ । ਦੁਕਾਲੰ=ਦੋਵੇਂ ਕਾਲ, ਦੋਵੇਂ ਸਮੇਂ, ਜਨਮ ਤੇ ਮਰਨ ਦੇ ਸਮੇਂ ਦੇ ਦੁਖ । ਪ੍ਰਣਾਸੀ=ਨਾਸਕ । ਅਭੰਗੰ ਬਿਭੂਤੇ—ਜਿਸ ਦਾ ਪ੍ਰਤਾਪ ਨਾਸ ਰਹਿਤ ਹੋਵੇ । ਬਿਭੂਤ—ਪ੍ਰਤਾਪ ।

ਭਾਵਾਰਥ—ਤੂ ਚੌਹਾਂ ਚੱਕਾਂ ਵਿਚ ਮੌਜੂਦ ਹੈਂ । ਚੌਹਾਂ ਚੱਕਾਂ ਵਿਚ ਹਰ ਥਾਂ ਹੀ ਤੇਰਾ ਹੁਕਮ ਚਲ ਰਿਹਾ ਹੈ । ਤੂੰ ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹੈਂ ਅਤੇ ਅਤੀ ਸੁੰਦਰ ਹੈਂ ਤੇ ਸਦਾ ਹੀ ਸਭ ਜੀਵਾਂ ਵਿਚ ਮਿਲਿਆ ਜੁਲਿਆ ਹੋਇਆ ਹੈਂ । ਦੋਹਾਂ ਕਾਲਾਂ ਜਨਮ ਤੇ ਮਰਨ ਦੇ ਸਮੇਂ ਦੇ ਦੁਖ ਨਾਸ ਕਰਨ ਵਾਲਾ ਹੈਂ, ਦਿਆਲੂ ਹੈਂ, ਸਭ ਦੇ ਅੰਗ ਸੰਗ ਹੈਂ । ਤੇਰਾ ਪ੍ਰਤਾਪ ਨਾਸ ਰਹਿਤ ਹੈਂ ।

ਕਾਵਿ ਭਾਵਾਰਥ—

ਚੌਹਾਂ ਚੱਕਾਂ ਵਿਚ ਹਰ ਥਾਂ ਮੌਜੂਦ ਹੈਂ ਤੂ, ਚੌਹੀਂ ਦਿਸ਼ੀਂ ਹੀ ਚਲੇ ਫੁਰਮਾਨ ਤੇਰਾ ।
ਆਪਣੇ ਆਪ ਤੋਂ ਹੀ ਹੈ ਪ੍ਰਕਾਸ਼ ਤੇਰਾ, ਸਦਾ ਸੁੰਦਰ ਹੈ ਰੂਪ ਮਹਾਨ ਤੇਰਾ ।
ਸਭ ਵਿਚ ਰਚਿਆ ਸਦਾ ਅੰਗ ਸੰਗ ਸਭ ਦੇ, ਜਨਮ ਮਰਨ-ਦੁਖ-ਨਾਸਕ ਦਾਤਾਰ ਪ੍ਰੀਤਮ ।
ਦਯਾ ਰੂਪ ਹੈਂ ਸਭ ਤੇ ਦਿਆਲ ਹੈਂ ਤੂ ਤੇਰਾ ਅਮਰ ਪ੍ਰਤਾਪ ਦਾਤਾਰ ਪ੍ਰੀਤਮ ।

---

## ਮਿਟੀ ਤੋਂ ਵਿਛੋੜ ਨ ਅੜਿਆ

[ਭਾਈ ਬਲਵੰਤ ਸਿੰਘ ਜੀ 'ਨੂਰ', ਲੁਧਿਆਣਾ]

(੧) ਮਿਟੀ ਤੋਂ ਵਿਛੋੜ ਨ ਅੜਿਆ, ਅਸਾਂ ਧੱਰਤ ਮਿਟੀ ਦੇ ਜਾਏ ।
ਮਿਟੀ ਤੋਂ ਸਾਨੂੰ ਜੀਵਨ ਮਿਲਿਆ, ਸਾਡੇ ਸੋਹਜ ਅੰਗ ਫੁਟ ਆਏ ।
ਕੰਡਿਆਂ ਪਤਿਆਂ ਪਿਆਰੀਂ ਪਾਲਿਆ, ਸਾਡੀ ਜਮ ਸਾਂਝ ਇਨ੍ਹਾਂ ਹੋਈ,
ਡਾਲੀਓਂ ਟੁੱਟ ਗੁਲਦਸਤੇ ਸਜਨਾ, ਸਾਨੂੰ ਵਖਰਾ ਪਨ ਨ ਭਾਏ ।

(੨) ਵਖਰੇ ਪਨ ਵਿਚ ਹਉਂ ਦੀ ਸ਼ੋਖੀ, ਇੰਝ ਮੇਲ ਅਨੰਤੀ ਟੁਟੇ ।
ਦੋ ਪਲ ਸ਼ੇਖੀ ਤੇ ਕੁਝ ਸਿਜਦੇ, ਇਸ ਭਰਮ ਧੋਖੇ ਜੀਅ ਘੁਟੇ ।
ਧਰਤ ਮਿਟੀ ਤੋਂ ਵਖਰਾ ਜੀਵਨ, ਅਨੰਦ ਲਭਣਾ ਬਣ ਸੰਨਆਸੀ,
ਪ੍ਰੇਮ ਅਨੰਦ ਰਮੇਂ ਕਣ ਕਣ ਵਿਚ, ਮਿਲ ਕਣਾਂ, ਅਨੰਦ ਰਸ ਲੁਟੇ ।



www.AKJ.Org

# ਗੁਰਬਾਣੀ ਦਾ ਸਤਿਕਾਰ

[ਵਲੋਂ—ਸੁਕੈਂਡਰਨ ਲੀਡਰ ਭਾਈ ਰਾਮ ਸਿੰਘ ਜੀ, ਜਥੇਦਾਰ, ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਅੰਮ੍ਰਿਤਸਰ]

"ਬਾਣੀ ਗੁਰੂ ਗੁਰੂ ਹੈ ਬਾਣੀ ॥"*
"ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥"†
"ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥"‡

ਇਤਿ ਆਦਿ ਹੋਰ ਬੇਅੰਤ ਤੁਕਾਂ, ਗੁਰਬਾਣੀ ਲਈ ਗੁਰਸਿਖ ਦੇ ਅਥਾਹ ਸਤਿਕਾਰ ਅਤੇ ਪਿਆਰ ਦੀਆਂ ਸੂਚਕ ਹਨ। 'ਜੋ ਸਿਰੁ ਸਾਂਈ ਨ ਨਿਵੈ()" ਇਹ ਤੁਕ ਗੁਰਬਾਣੀ (ਸਾਂਈ) ਦਾ ਸਤਿਕਾਰ ਨਾ ਕਰਨ ਵਾਲਿਆਂ ਲਈ ਕੈਸੀ ਭਿਅੰਕਰ ਤਨਖ਼ਾਹ ਦੀ ਸੂਚਕ ਹੈ। ਇਸ ਲਈ ਹਰ ਗੁਰਸਿਖ ਨੂੰ (ਆਪਣੇ ਭਲੇ ਲਈ) ਗੁਰਬਾਣੀ ਦਾ ਸਤਿਕਾਰ ਕਰਨਾ ਅਵੱਸ਼ ਹੀ ਬਣ ਆਉਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸੀਸ ਉੱਤੇ ਕਲਗੀ ਸਜਾਈ। ਕਲਗੀ ਦਾ ਸਜਾਉਣਾ ਆਪਣੇ ਮੰਤਵ ਦੀ ਸਿਖਰਲੀ ਸਫ਼ਲਤਾ ਦੀ ਨਿਸ਼ਾਨੀ ਹੈ। ਦਸਵੇਂ ਜਾਮੇ ਦਾ ਇਹ ਮੰਤਵ "ਖ਼ਾਲਸਾ ਸਜਾਉਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੁਰ-ਗੱਦੀ ਬਖਸ਼ਣਾ" ਸੀ। ਗੁਰੂ ਨਾਨਕ ਸਾਹਿਬ ਜੀ ਦੇ ਦਸੋਂ ਜਾਮਿਆਂ ਨੇ ਬੇਅੰਤ ਕੌਤਕ ਰਚੇ ਅਤੇ ਬੇਅੰਤ ਘਾਲਣਾਂ ਘਾਲੀਆਂ। ਇਨ੍ਹਾਂ ਲੰਮੀਆਂ ਘਾਲਣਾਂ ਅਤੇ ਕੌਤਕਾਂ ਦੇ ਫਲ ਸਰੂਪ "ਖ਼ਾਲਸਾ—ਅਤੇ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਅਸਥਾਪਨ ਹੋਏ। ਅਕਾਲ ਪੁਰਖ ਨੇ ਖ਼ਾਲਸਾ ਜੀ ਦਾ ਰੂਪ, ਰਹਿਤ ਬਹਿਤ ਅਤੇ ਮਰਯਾਦਾ ਭੀ ਨਿਆਰੀ ਸਾਜੀ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਪ ਅਤੇ ਗੁਰੂ ਘਰ ਦੀ ਦੀਖਜਤ ਮਰਯਾਦਾ ਭੀ ਨਿਆਰੀ ਸਾਜੀ।

ਦਸਵੇਂ ਪਾਤਸ਼ਾਹ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਜਿਉਂ ਜਿਉਂ ਸਮਾ ਬੀਤਦਾ ਗਿਆ, ਸਿੱਖ ਹੌਲੀ ਹੌਲੀ ਮਾਇਆ-ਧਾਰੀ ਹੁੰਦੇ ਗਏ, ਆਰਾਮ-ਪਸੰਦ ਹੁੰਦੇ ਗਏ, ਗੁਰ-ਸਿਖੀ ਰਹਿਤ ਬਹਿਤ ਵਿਚ ਵੀ ਢਿੱਲੇ ਹੁੰਦੇ ਗਏ ਅਤੇ ਪਾਠ ਕਰਨ ਦੀ ਮਹਾਰਤ ਭੀ ਘਟਦੀ ਗਈ। ਇਹ ਮਹਾਰਤ ਧੀਰੇ ਧੀਰੇ ਇਤਨੀ ਘਟ ਗਈ ਕਿ ਲੜੀਦਾਰ ਸਰੂਪ ਤੋਂ ਪਾਠ ਕਰਨਾ ਅਤੀ ਕਠਨ ਹੋ ਗਿਆ। ਇਹ ਪਾਠ ਕਰਨ ਦੀ ਬਖਸ਼ਸ਼ ਅਤੇ ਸਿੱਖੀ ਰਹਿਤ ਬਹਿਤ ਵਿਰਲਿਆਂ ਪਾਸ ਹੀ ਰਹਿ ਗਈ। ਇਨ੍ਹਾਂ ਸੁਖ-ਰਹਿਣੇ ਸਿਖਾਂ ਦਾ ਦਿਮਾਗ ਆਪ ਪਾਠ ਕਰਨੋਂ ਤਾਂ ਰਹਿ ਖੜੋਤਾ, ਪਰ ਇਸ ਔਕੜ ਦਾ ਹੱਲ ਲੱਭਣ ਲਈ ਨਿਕਲ ਤੁਰਿਆ। ਇਸ ਸੋਚਾ-ਸਾਚੀ ਨੇ ਪਦ-ਛੇਦ ਸਰੂਪ ਦੀ ਕਾਢ ਕੱਢ ਲਈ। ਇਸ ਤਰ੍ਹਾਂ ਢਿੱਲੜ ਸਿੱਖਾਂ ਨੂੰ ਕੀਤਾ ਕਤਾਇਆ ਪਾਠ ਨਸੀਬ ਹੋ ਗਿਆ। ਪਦ-ਛੇਦ ਸਰੂਪ ਵਿਚ ਪਾਠ ਤਾਂ ਪਹਿਲੋਂ ਹੀ ਕੀਤਾ ਪਿਆ ਹੁੰਦਾ ਹੈ, ਕੇਵਲ ਰੁਮਾਲਾ ਚੱਕ ਕੇ ਇਸ ਦਾ ਉਚਾਰਨ ਕਰਨਾ ਹੀ ਬ ਕੀ ਰਹਿ ਜਾਂਦਾ ਹੈ।

ਜਿਹੜੇ ਬੱਚੇ ਮਾਤਾ ਪਿਤਾ ਦਾ ਸਤਿਕਾਰ ਕਰਦੇ ਹਨ, ਉਹ ਆਪਣੇ ਮਾਤਾ ਪਿਤਾ ਦੇ ਆਗਿਆਕਾਰ ਹੁੰਦੇ ਹਨ ਅਤੇ ਆਪਣੇ ਮਾਤਾ ਪਿਤਾ ਦੇ ਕੀਤੇ ਦੀ ਟੋਕਾ-ਟੋਕੀ ਨਹੀਂ ਕਰਦੇ। ਜਿਨ੍ਹਾਂ ਬੱਚਿਆਂ ਦੇ ਮਨ ਵਿੱਚੋਂ, ਆਪ-ਹੁਦਰਤਾ ਵਿਚ, ਮਾਪਿਆਂ ਲਈ ਸਤਿਕਾਰ ਘਟ ਜਾਂਦਾ ਹੈ, ਉਹ ਆਪਣੇ ਮਾਤਾ ਪਿਤਾ ਦੇ ਕਹੇ ਦੀ ਕੋਈ ਖ਼ਾਸ ਪ੍ਰਵਾਹ ਨਹੀਂ ਕਰਦੇ, ਸਗੋਂ ਲਗਦੀ ਵਾਹੇ ਉਨ੍ਹਾਂ ਦੇ ਕੰਮਾਂ ਦੀ ਟੋਕਾ-ਟੋਕੀ ਭੀ ਕਰ ਦੇਂਦੇ ਹਨ। ਇਸੇ ਪਰਕਾਰ ਪਦ-ਛੇਦ ਸਰੂਪ ਦੇ

---

*ਨਟ ਮਹਲਾ ੪, ਪੰਨਾ ੯੮੨
†ਸੋਰਠ ਕੀ ਵਾਰ ਮ: ੪, ਪੰਨਾ ੬੫੪
‡ ਸੂਹੀ ਅਸਟ :- ਮ: ੪, ਪੰਨਾ ੭੫੭
()ਸਲੋਕ ਮ: ੨, ਸਿਰੀ ਰਾਗ ਕੀ ਵਾਰ, ਪੰਨਾ ੮੯



www.AKJ.Org

ਹਾਮੀ (ਚਾਹਵਾਨ) ਉਨ੍ਹਾਂ ਜਨਾਂ ਦਾ ਹੀ ਸਤਿਕਾਰ ਕਰਦੇ ਹਨ ਜਿਨ੍ਹਾਂ ਨੇ ਪਦ-ਛੇਦ ਸਰੂਪ ਦੀ ਸਾਜਨਾ ਕੀਤੀ, ਕਿਉਂਕਿ ਇਨ੍ਹਾਂ ਨੇ ਪਦ-ਛੇਦ ਸਰੂਪ ਸਾਜਨ-ਹਾਰਿਆਂ ਦੀ ਘਾਲਣਾ ਨੂੰ ਪ੍ਰੇਮ ਨਾਲ ਪਰਵਾਨ ਕੀਤਾ ਹੈ। ਇਸ ਸਰੂਪ ਦੀ ਪਰਵਾਨਗੀ ਵਿਚ ਹੀ, ਇਸ ਸਰੂਪ ਨੂੰ ਸਾਜਣ ਵਾਲਿਆਂ ਦਾ ਸਤਿਕਾਰ ਹੈ। ਤਾਂ ਤੇ ਨਾਨਕ ਗੁਰੂ ਗੋਬਿੰਦ ਸਿੰਘ ਜੀ ਦਾ ਸਤਿਕਾਰ ਭੀ ਇਸ ਵਿਚ ਹੀ ਹੈ ਕਿ ਅਸੀਂ ਉਨ੍ਹਾਂ ਦੀ ਘਾਲਣਾ (ਲੜੀਦਾਰ ਸਰੂਪ ਦੀ ਸਾਜਨਾ) ਨੂੰ ਪਰਵਾਨ ਕਰੀਏ। ਲੜੀਦਾਰ ਸਰੂਪ ਨੂੰ ਬਹਾਨੇ-ਬਾਜ਼ੀ ਲਾ ਕੇ ਪਰਵਾਨ ਨਾ ਕਰਨਾ, ਲੜੀਦਾਰ ਸਰੂਪ ਸਾਜਣਹਾਰੇ ਦਾ ਅਪਮਾਨ ਕਰਨਾ ਹੈ ਅਤੇ ਉਸ ਨੂੰ ਛੁਟਿਆਉਣਾ ਹੈ। ਲੜੀਦਾਰ ਸਰੂਪ ਦੀ ਮਹੱਤਤਾ ਵਿਚ ਇਸ ਤੋਂ ਵੱਧ ਦਲੀਲ ਪੇਸ਼ ਕਰਨੀ ਲੇਖਕ ਦੀ ਸਮਝ ਤੋਂ ਬਾਹਰ ਹੈ। ਜੇ ਅਸੀਂ ਉਸ ਦਾ ਅਪਮਾਨ ਕਰਦੇ ਹਾਂ ਤਾਂ ਇਹ ਕਿਸ ਤਰ੍ਹਾਂ ਉਮੀਦ ਕਰ ਸਕਦੇ ਹਾਂ ਕਿ ਉਹ ਸਾਨੂੰ ਹਰਿ ਦਰਗਹਿ ਢੋਈ ਦੇਣ ਵਿਚ ਸਹਾਈ ਹੋਏਗਾ ?

ਗੁਰਬਾਣੀ ਦਾ ਸਤਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਆਰੰਭ ਹੁੰਦਾ ਹੈ। ਇਸ ਲਈ ਜਿਥੇ ਜੱਥੇ ਦਾ ਪਰਬੰਧ ਹੋਵੇ, ਓਥੇ ਲੜੀਦਾਰ ਸਰੂਪ ਦਾ ਪ੍ਰਕਾਸ਼ ਹੋਵੇ। ਪਰ ਜਿਥੇ ਪਦ-ਛੇਦ ਬੀੜਾਂ ਦਾ ਬੰਦੋਬਸਤ ਹੋਵੇ ਉਥੇ ਗੁਰਬਾਣੀ ਦਾ ਪੂਰਾ ਸਤਿਕਾਰ ਕਰੀਏ ਅਤੇ ਕੋਈ ਐਸੀ ਹਰਕਤ ਨਾ ਕਰੀਏ ਜਿਸ ਨਾਲ ਬੇ-ਰਸੀ ਪੈਦਾ ਹੋਵੇ। ਬਾਣੀ ਭਾਵੇਂ ਕਿਸੇ ਰੂਪ ਵਿਚ ਹੋਵੇ, ਇਹ ਪੂਰਨ ਸਤਿਕਾਰ ਯੋਗ ਹੈ। ਗੁਰਬਾਣੀ ਦਾ ਸਤਿਕਾਰ ਨਾ ਕਰਨਾ ਮਹਾਂ ਪਾਪ ਹੈ। ਦੂਸਰਿਆਂ ਨੂੰ ਬੜੇ ਪ੍ਰੇਮ ਨਾਲ ਲੜੀਦਾਰ ਸਰੂਪ ਦੀ ਮਹੱਤਤਾ ਬਾਰੇ ਸਮਝਾਉਣ ਦੀ ਲੋੜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਣ ਤੋਂ ਪਹਿਲੋਂ ਸਕੇਸ਼ੀ ਇਸ਼ਨਾਨ ਕੀਤਾ ਹੋਣਾ ਚਾਹੀਦਾ ਹੈ। ਹੱਥ ਥਿੰਦੇ ਨਹੀਂ ਹੋਣੇ ਚਾਹੀਦੇ। ਤਾਬਿਆ ਬੈਠ ਕੇ ਚੌਰ ਸਾਹਿਬ ਦਾ ਯੋਗ ਧਿਆਨ ਰੱਖਣਾ ਚਾਹੀਦਾ ਹੈ। ਚੌਰ ਕੇਵਲ ਤਾਬਿਆ ਬੈਠਾ ਸਿੰਘ ਹੀ ਕਰੇ। ਜੰਗਲ ਪਾਣੀ ਪਿੱਛੋਂ ਫਿਰ ਇਸ਼ਨਾਨ ਕਰ ਕੇ ਸਤਿਗੁਰਾਂ ਦੀ ਤਾਬਿਆ ਬੈਠਣਾ ਚਾਹੀਦਾ ਹੈ। ਗੁਰੂ ਸਾਹਿਬ ਅੱਗੇ ਭੇਟਾ ਸਤਿਕਾਰ ਨਾਲ ਰਖਣੀ ਚਾਹੀਦੀ ਹੈ। ਇਹ ਸਤਿਗੁਰਾਂ ਦਾ ਅਦਬ ਹੈ।

ਗੁਰਬਾਣੀ ਦੀ ਤੁਕ (ਭਾਵੇਂ ਪੂਰੀ ਭਾਵੇਂ ਅੱਧੀ) ਜਿਸ ਕਾਗਜ਼ ਜਾ ਪੱਤਰੇ ਉਤੇ ਲਿਖੀ ਹੋਵੇ ਉਸ ਦਾ ਪੂਰਾ ਸਤਿਕਾਰ ਕਰੀਏ। ਐਸੇ ਪੱਤਰੇ ਨੂੰ ਹੱਥ ਸੁੱਚੇ ਕਰਕੇ ਲਾਈਏ। ਐਸੇ ਪੱਤਰੇ ਨੂੰ ਭੁੰਜੇ ਜਾਂ ਪੈਰਾਂ ਵਿਚ ਨਾ ਰੁਲਣ ਦੇਈਏ।

ਨਿਤਨੇਮ ਦੇ ਗੁਟਕੇ, ਸਟੀਕ, ਪੋਥੀਆਂ, ਗੁਰਬਾਣੀ ਕੋਸ਼, ਆਦਿ ਨੂੰ ਰੁਮਾਲਾਂ ਵਿਚ ਸੰਭਾਲ ਕੇ ਰੱਖੀਏ ਅਤੇ ਰੁਮਾਲਾਂ ਸਹਿਤ ਵਰਤੀਏ। ਇਨ੍ਹਾਂ ਨੂੰ ਜੂਠੇ ਮਿਠੇ ਹੱਥ ਨਾ ਲਾਈਏ। ਨੰਗੇ ਸਿਰ ਇਨ੍ਹਾਂ ਤੋਂ ਪਾਠ ਨਾ ਕਰੀਏ। ਨਾ ਹੀ ਇਨ੍ਹਾਂ ਨੂੰ ਭੁੰਜੇ ਰੱਖੀਏ। ਜੇ ਕੋਈ ਭਾਰੀ ਪੁਸਤਕ ਹੱਥ ਵਿਚ ਨਾ ਰੱਖੀ ਜਾ ਸੱਕੇ ਤਾਂ ਇਸ ਨੂੰ ਰੀਲ ਜਾਂ ਕਿਸੇ ਹੋਰ ਚੀਜ਼ ਉੱਤੇ ਕਪੜਾ ਵਿਛਾ ਕੇ ਸਤਿਕਾਰ ਸਹਿਤ ਰੱਖੀਏ।

ਜਿਹੜੇ ਪ੍ਰਾਣੀ ਚਿੱਠੀਆਂ ਆਦਿ ਵਿਚ '੧ ੴ ਸਤਿਗੁਰ ਪ੍ਰਸਾਦਿ' ਲਿਖਦੇ ਹਨ, ਉਹ ਲਫ਼ਾਫੇ ਨੂੰ ਥੁੱਕ ਨਾਲ ਨਾ ਜੋੜਨ। ਐਸੇ ਪੱਤਰ ਨੂੰ ਥੁੱਕ ਲਾਉਣਾ ਗੁਰਬਾਣੀ ਦੀ ਘੋਰ ਬੇ-ਅਦਬੀ ਹੈ। ਬਾਹਰੋਂ ਆਈਆਂ ਐਸੀਆਂ ਚਿੱਠੀਆਂ ਨੂੰ ਜਾਂ ਤਾਂ ਪੜ੍ਹਨ ਪਿੱਛੋਂ ਸਤਿਕਾਰ ਸਹਿਤ ਸੰਭਾਲੀਏ ਅਤੇ ਜਾਂ ਸਤਿਕਾਰ ਸਹਿਤ ਅਗਨਿ-ਭੇਟ ਕਰ ਦੇਈਏ।

ਭੈ-ਭਾਵਨੀ ਵਾਲੇ ਗੁਰਸਿਖ ਧਾਰਮਿਕ ਕਿਤਾਬਾਂ, ਪਰਚੇ, ਮੈਗਜ਼ੀਨਾਂ ਆਦਿ, ਜਿਨ੍ਹਾਂ ਵਿਚ ਅਕਸਰ ਗੁਰਬਾਣੀ ਦੀਆਂ ਤੁਕਾਂ ਦਰਜ ਹੁੰਦੀਆ ਹਨ, ਇਨ੍ਹਾਂ ਨੂੰ ਹੱਥ ਸੁੱਚੇ ਕਰ ਕੇ ਲਾਉਂਦੇ ਹਨ, ਅਤੇ ਇਨ੍ਹਾਂ ਪਰਚਿਆਂ ਜਾਂ ਪੁਸਤਕਾਂ ਨੂੰ ਭੁੰਜੇ ਨਹੀਂ ਰਖਦੇ ਅਤੇ ਨਾ ਹੀ ਇਨ੍ਹਾਂ ਨੂੰ ਰੱਦੀ ਵਿਚ ਵੇਚਦੇ ਹਨ।

ਜਿਵੇਂ ਨਿਤਨੇਮ ਦੀਆਂ ਬਾਣੀਆਂ ਕੰਠ ਨਾ ਹੋਣ ਕਰਕੇ ਅਸੀਂ ਨਿਤਨੇਮ ਕਰਨ ਲਈ ਗੁਟਕਿਆਂ ਦੀ ਸਹਾਇਤਾ ਲੈਂਦੇ ਹਾਂ, ਇਸੇ ਪਰਕਾਰ ਜੇ ਕੀਰਤਨੀਏ ਸਿੰਘ ਅਤੇ ਬੀਬੀਆਂ ਕੀਰਤਨ ਕਰਨ ਲਈ ਪੋਥੀ ਜਾਂ



www.AKJ.Org

ਕਾਪੀ ਦੀ ਸਹਾਇਤਾ ਲੈਣੀ ਚਾਹੁਣ ਤਾਂ ਇਸ ਵਿਚ ਕੋਈ ਇਤਰਾਜ਼ ਨਹੀਂ, ਬ-ਸ਼ਰਤੇ ਕਿ ਐਸੀ ਪੋਥੀ ਜਾਂ ਕਾਪੀ ਨੂੰ ਸਤਿਕਾਰ ਸਹਿਤ ਰੀਲ ਉੱਤੇ ਜਾਂ ਹੋਰ ਸਹਾਰੇ ਉਤੇ ਸਵੱਛ ਰੁਮਾਲਾ ਵਿਛਾ ਕੇ ਇਸ ਤਰ੍ਹਾਂ ਰਖਿਆ ਜਾਵੇ ਕਿ ਇਸ ਉੱਤੇ ਮੂੰਹੋਂ ਅਚਾਨਕ ਨਿਕਲੀ ਥੁੱਕ ਦੀ ਛਿੱਟ ਨਾ ਪੈ ਜਾਏ। ਇਹ ਸਭ ਆਰੰਭਕ ਬਾਤਾਂ ਹਨ, ਸੁਣਨ ਵਾਲਿਆਂ ਲਈ ਭੀ ਅਤੇ ਕੀਰਤਨ ਕਰਨਵਾਲਿਆਂ ਲਈ ਭੀ। ਅਸਲੀ ਰੰਗ ਤਾਂ ਸੁਧ ਕੰਠ ਗੁਰਬਾਣੀ ਦੇ ਕੀਰਤਨ ਤੋਂ ਹੀ ਖ਼ਿੜੇਗਾ, ਜਿਥੇ ਕੀਰਤਨੀਆ ਅਤੇ ਸਰੋਤਾ ਦੋਨੋਂ ਹੀ ਗੁਰਬਾਣੀ ਦੀਆਂ ਤੁਕਾਂ ਵਿਚ ਲੋਟ ਪੋਟ ਹੋਏ ਪਏ ਹੋਣਗੇ, ਅਤੇ ਪੋਥੀ ਵਿਚੋਂ ਤੁਕਾਂ ਲੱਭਣ ਦੀ ਫੋਲਾ ਫਾਲੀ ਦੀ ਦੌੜ-ਭੱਜ ਤੋਂ ਨਿਸਚਿੰਤ ਮੁਕਤ ਹੋਏ ਹੋਵਣਗੇ।

ਕੀਰਤਨ ਕਰਦਿਆਂ ਥੋੜੇ ਪਰ ਢੁਕਵੇਂ ਪ੍ਰਮਾਣ ਦੇਣੇ ਹੀ ਸ਼ੋਭਦੇ ਹਨ। ਪਰਮਾਣ ਦੇਣ ਦਾ ਮਤਲਬ ਤੁਕ ਦੇ ਭਾਵ ਨੂੰ ਪਰਗਟ ਕਰਨ ਦਾ ਹੁੰਦਾ ਹੈ, ਨਾ ਕਿ ਪਰਮਾਣਾਂ ਦੀ ਜ਼ਿਆਦਾ ਗਿਣਤੀ ਕਰਨ ਦਾ। ਲੋੜ ਤੋਂ ਵਧ ਪਰਮਾਣ ਦੇਣ ਵਿਚ ਇਹ ਖ਼ਤਰਾ ਹੈ ਕਿ ਮਤਾਂ ਕੀਰਤਨੀਏ ਨੂੰ ਸੂਖਮ ਹੰਕਾਰ ਆ ਜਾਵੇ ਕਿ ਮੈਂ ਤਾਂ ਬਹੁਤ ਪਰਮਾਣ ਦੇਣ ਵਾਲਾ ਕੀਰਤਨੀਆ ਹਾਂ।

ਗੁਰਬਾਣੀ ਦੀਆਂ ਪੁਸਤਕਾਂ, ਪੋਥੀਆਂ, ਗੁਟਕਿਆਂ ਆਦਿ ਦੇ ਛਾਪੇਖ਼ਾਨੇ ਅਤੇ ਜਿਲਦ-ਬੰਦੀ ਜਾਂ ਹੋਰ ਸਬੰਧਤ ਕੰਮਾਂ ਦੇ ਅਸਥਾਨਾਂ ਤੇ ਕੰਮ ਕਰਨ ਵਾਲੇ ਕਰਮਚਾਰੀਆਂ ਅਤੇ ਜ਼ਿੰਮੇਵਾਰ ਵਿਅਕਤੀਆਂ ਨੂੰ, ਗੁਰਬਾਣੀ ਦੀਆਂ ਪੁਸਤਕਾਂ ਅਤੇ ਕਾਗਜ਼ਾਂ ਦਾ ਸਤਿਕਾਰ ਕਰਨਾ ਜ਼ਰੂਰੀ ਬਣ ਆਉਂਦਾ ਹੈ। ਇਨ੍ਹਾਂ ਪੁਸਤਕਾਂ ਅਤੇ ਕਾਗਜ਼ਾਂ ਨੂੰ ਸੁੱਚੇ ਹੱਥ ਲਾਉਣੇ ਚਾਹੀਦੇ ਹਨ, ਇਨ੍ਹਾਂ ਨੂੰ ਭੁੰਜੇ ਜਾਂ ਪੈਰਾਂ ਵਾਲੀ ਥਾਂ ਨਹੀਂ ਰੱਖਣਾ ਚਾਹੀਦਾ। ਇਨ੍ਹਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਦੂਰੋਂ ਭੁਆਂ ਕੇ ਨਹੀਂ ਸੁੱਟਣਾ ਚਾਹੀਦਾ।

ਅਜ ਕਲ੍ਹ ਇਸ਼ਤਿਹਾਰ, ਸੱਦਾ-ਪੱਤਰ, ਉਗਰਾਹੀ ਦੀਆਂ ਰਸੀਦਾਂ, ਆਦਿ ਉੱਤੇ ਅਕਸਰ ਗੁਰਬਾਣੀ ਦੀਆਂ ਤੁਕਾਂ ਲਿਖੀਆਂ ਹੁੰਦੀਆਂ ਹਨ। ਕੀ ਇਹ ਗੁਰਬਾਣੀ ਦਾ ਸਤਿਕਾਰ ਹੈ ? ਬਿਲਕੁਲ ਨਹੀਂ। ਬਾਜ਼ਾਰਾਂ ਵਿਚ ਗੁਰਬਾਣੀ ਦੇ ਇਸ਼ਤਿਹਾਰਾਂ ਦੇ ਲਫਾਫੇ ਬਣੇ ਮਿਲਦੇ ਹਨ। ਕਾਰਡ ਅਤੇ ਰਸੀਦਾਂ ਰੱਦੀ ਵਿਚ ਜਾਂ ਕੂੜੇ ਤੇ ਸੁੱਟ ਦਿਤੀਆਂ ਜਾਂਦੀਆਂ ਹਨ। ਇਹ ਤਾਂ ਗੁਰਬਾਣੀ ਦੀ, ਸੋਚ ਦੀ ਹੱਦ ਤੋਂ ਕਿਤੇ ਪਰੇ ਦੀ, ਬੇ-ਅਦਬੀ ਹੈ। ਇਸ ਪਾਪ ਤੋਂ ਬਚਣ ਦੀ ਲੋੜ ਹੈ। ਇਸੇ ਤਰ੍ਹਾਂ ਗੁਰਬਾਣੀ ਦੀਆਂ ਟੇਪਾਂ ਨੂੰ ਭੀ ਪੂਰਨ ਸਤਿਕਾਰ ਦੇਣ ਦੀ ਲੋੜ ਹੈ। ਜੇ ਇਹ ਨਾ ਕੀਤਾ ਤਾਂ ਓਹੋ ਗੱਲ ਹੋਵੇਗੀ ਕਿ— 'ਏਕੈ ਪਾਥਰ ਕੀਜੈ ਭਾਉ॥ ਦੂਜੈ ਪਾਥਰ ਧਰੀਐ ਪਾਉ॥'*

ਇਕ ਜਗ੍ਹਾ ਗੁਰਬਾਣੀ ਨੂੰ ਮੱਥਾ ਟੇਕੀਏ ਅਤੇ ਦੂਜੀ ਜਗ੍ਹਾ ਗੁਰਬਾਣੀ ਦੀਆਂ ਤੁੱਕਾਂ ਜਾਂ ਤੁਕ ਨੂੰ ਪੈਰਾਂ, ਰੱਦੀ, ਅਤੇ ਕੂੜੇ ਵਿਚ ਰੁਲਦਿਆਂ ਤੱਕੀਏ। ਇਸ਼ਤਿਹਾਰਾਂ, ਕਾਰਡਾਂ ਅਤੇ ਰਸੀਦਾਂ ਜਾਰੀ ਕਰਨ ਵਾਲੇ ਹੀ ਇਹਨਾਂ ਦੀ ਹੋਣ ਵਾਲੀ ਬੇਅਦਬੀ ਦੇ ਪਾਪ ਦੇ ਭਾਗੀ ਹਨ। ਇਨ੍ਹਾਂ ਵਿਚ ਗੁਰਬਾਣੀ ਬਿਲਕੁਲ ਨਹੀਂ ਵਰਤਣੀ ਚਾਹੀਏ।

ਇਹ ਤਾਂ ਗੁਰਬਾਣੀ ਦੇ ਸਤਿਕਾਰ ਦੀਆਂ ਅਰੰਭਕ ਬਾਤਾਂ ਹਨ, ਪਰ ਹੈਨ ਬਹੁਤ ਲਾਜ਼ਮੀ। ਆਪਾਂ ਹੁਣ ਸਿਖਰਲੀ ਗੱਲ ਵੱਲ ਆਈਏ। ਗੁਰ-ਬਾਣੀ ਦੇ ਸਮੁੱਚੇ ਸਤਿਕਾਰ ਦਾ ਨਿਚੋੜ ਇਹ ਹੈ ਕਿ 'ਗੁਰਬਾਣੀ ਕਹੈ ਸੇਵਕੁ ਜਨੁ ਮਾਨੈ...'† ਇਸ ਉਤੇ ਅਮਲ ਕਰੀਏ। ਇਸ ਦਾ ਭਾਵ ਹੈ ਕਿ ਗੁਰ ਦੀਖਯਤ ਹੋਈਏ, ਸਾਸਿ ਗਿਰਾਸਿ ਨਾਮੁ ਜਪੀਏ, ਗੁਰਬਾਣੀ ਪੜ੍ਹੀਏ, ਸੁਣੀਏ, ਅਥਵਾ ਗਾਵੀਏ, ਪੂਰਨ ਅੰਮ੍ਰਿਤ ਵੇਲੇ ਦੀ ਸੰਭਾਲ ਕਰੀਏ, ਧਰਮ ਦੀ ਕਿਰਤ ਕਰੀਏ, ਵੰਡ ਛਕੀਏ, ਸੇਵਾ ਕਰੀਏ, ਸੱਚ ਬੋਲੀਏ, ਪਰਉਪਕਾਰ ਕਰੀਏ, ਕਿਸੇ ਦੀ ਵੀ ਨਿੰਦਿਆ ਨਾ ਕਰੀਏ, ਲੋੜ ਪੈਣ ਤੇ ਧਰਮ ਹੇਤ ਸੀਸ ਵਾਰ ਦੇਈਏ, ਆਦਿ। ਜੇ ਅਸੀਂ ਇਸ ਤੇ

* ਗੂਜਰੀ ਨਾਮਦੇਵ ਜੀ, ਪੰਨਾ ੫੨੫

† ਨਟ ਮਹਲਾ ੪, ਪੰਨਾ ੯੮੨



www.AKJ.Org

ਅਮਲ ਕਰਨੋਂ ਕੰਨੀਂ ਕਤਰਾਈਏ ਤਾਂ ਅਸੀਂ ਗੁਰਬਾਣੀ ਦਾ ਸਤਿਕਾਰ ਨਹੀਂ ਕਰਦੇ। ਗੁਰਬਾਣੀ ਅੰਦਰ ਦ੍ਰਿੜ੍ਹਾਏ ਹੁਕਮਾਂ ਨੂੰ ਮੰਨਣਾ ਹੀ ਗੁਰਬਾਣੀ ਦਾ ਸਹੀ ਸਤਿਕਾਰ ਹੈ। ਇਹ ਤੱਤ ਸਤਿਕਾਰ ਹੈ। ਨਹੀਂ ਤਾਂ ਅਸੀਂ ਮਾਲਕ (ਗੁਰਬਾਣੀ) ਦੇ ਸੇਵਕ ਨਹੀਂ ਹਾਂ। ਅਸੀਂ ਤਾਂ ਫਿਰ ਗੁਰਬਾਣੀ ਤੋਂ ਬੇਮੁਖ ਹਾਂ। ਹੁਕਮ ਜੁ ਮਾਲਕ ਦਾ ਨਾ ਮੰਨਦੇ ਹੋਏ। ਬੇਮੁਖ ਦੇ ਅੰਦਰ ਮਾਲਕ ਦਾ ਸਤਿਕਾਰ ਨਹੀਂ ਹੁੰਦਾ। ਗੁਰਬਾਣੀ ਦਾ ਸਤਿਕਾਰ ਇਸ ਗੱਲ ਵਿਚ ਹੈ ਕਿ ਸਾਡਾ ਜੀਵਨ ਗੁਰਬਾਣੀ ਦੇ ਅਨੁਸਾਰ ਹੋਵੇ। ਨਹੀਂ ਤਾਂ ਐਵੇਂ 'ਸਤਿਕਾਰ, ਸਤਿਕਾਰ' ਦਾ ਰੌਲਾ ਪਾ ਕੇ ਅਸੀਂ ਆਪਣੀ ਚਤਰਾਈ ਦੇ ਅਧੀਨ ਆਪਣੀ ਹਉਮੈ ਨੂੰ ਪੱਠੇ ਪਾ ਰਹੇ ਹੁੰਦੇ ਹਾਂ। ਗੁਰਸਿਖ ਬਹੁਤਾ ਬੋਲਦਾ ਨਹੀਂ। ਉਹ ਦੂਜਿਆਂ ਪਾਸੋਂ ਗੁਰਬਾਣੀ ਦਾ ਸਤਿਕਾਰ ਕਰਾਉਣ ਲਈ ਉਨ੍ਹਾਂ ਨਾਲ ਵਾਦ-ਵਿਵਾਦ ਨਹੀਂ ਕਰਦਾ। ਉਸ ਦਾ ਆਪਣਾ ਜੀਵਨ ਹੀ ਦੂਜਿਆਂ ਲਈ ਚਾਨਣ-ਮੁਨਾਰਾ ਹੈ, ਅਤੇ ਗੁਰਸਿਖੀ ਮਾਰਗ ਉੱਤੇ ਚਲਣ ਦੀ ਸੇਧ ਬਖਸ਼ਦਾ ਹੈ।

ਗੁਰਬਾਣੀ ਦੇ ਸਤਿਕਾਰ ਦੇ ਸਬੰਧ ਵਿਚ ਆਪਣਿਆਂ ਵਲਵਲਿਆਂ ਨੂੰ ਪਰਗਟ ਕਰਦਿਆਂ ਹੋਇਆਂ, ਹੋ ਗਈਆਂ ਭੁੱਲਾਂ ਵਲੋਂ ਦਾਸ ਸੰਗਤ ਪਾਸੋਂ ਖਿਮਾਂ ਦਾ ਜਾਚਕ ਹਾਂ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ।

# ਧੰਨ ਗੁਰੂ ਗ੍ਰੰਥ ਸਾਹਿਬ ਜੀ

[ਵਲੋਂ—ਸ: ਪ੍ਰੀਤਮ ਸਿੰਘ ਐਮ. ਏ. ਜਲੰਧਰ]

ਇਹ ਹੈ ਸਾਗਰ ਗੰਭੀਰ ਅਥਾਹ ਡੂੰਘਾ,
ਮੋਤੀ ਸੁੱਚਿਆਂ ਨੂੰ ਸੁੱਚੇ ਲੱਭਦੇ ਨੇ।
ਏਥੇ ਹੰਸ ਆ ਕੇ ਸੁੱਚੀ ਚੋਗ ਚੁਗਦੇ,
ਗਿਆਨ-ਦੀਪ ਜਿਨ੍ਹਾਂ ਅੰਦਰ ਜਗਦੇ ਨੇ।੧।
ਝੂਠੇ ਸੱਚੇ ਦੀ ਏਸ ਥਾਂ ਪਰਖ ਹੁੰਦੀ,
ਟਿਕ ਸਕਦੇ ਨਾ ਝੂਠੇ ਪੱਲ ਏਥੇ।
ਰਮਜ਼ਾਂ ਖੁਲ੍ਹਦੀਆਂ ਨੇ ਏਥੇ ਪਲਕ ਅੰਦਰ,
ਗੁੰਝਲਦਾਰ ਸੁਆਲ ਹੁੰਦੇ ਹਲ ਏਥੇ।੨।
ਊਚ ਨੀਚ ਦਾ ਨਾ ਕੋਈ ਸੁਆਲ ਏਥੇ,
ਇਕੋ ਥਾਂ ਤ੍ਰਿਲੋਚਨ—ਰਵਿਦਸ ਬੈਠੇ।
ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰ ਤਕਲੋ,
ਗੁਰੂ ਅਰਜਨ ਤੇ ਗੁਰੂ ਰਾਮਦਾਸ ਬੈਠੇ।੩।
ਏਥੇ ਉੱਚਾ ਹੈ ਜੀਵਨ ਤੇ ਗਿਆਨ ਸੁੱਚਾ,
ਸੱਚੇ ਨਾਮ ਦਾ ਹੁੰਦਾ ਵਪਾਰ ਏਥੇ।
ਏਥੇ ਨਾਮ ਹੀ ਪੂੰਜੀ ਤੇ ਨਾਮ ਲਾਹਾ,
ਸੱਚੇ ਨਾਮ ਦਾ ਹੁੰਦਾ ਆਹਾਰ ਏਥੇ।੪।
ਇਹ ਦਰ ਹੈ ਪ੍ਰੇਮ ਦੇ ਰੱਤਿਆਂ ਦਾ,
ਇੱਥੇ ਕਿਬਰ ਹੰਕਾਰ ਦੀ ਥਾਂ ਕੋਈ ਨਹੀਂ।
ਇੱਥੇ 'ਨਿਮਰਤਾ' ਦੇ ਸਿਰ ਦੇ ਤਾਜ ਝੁਲਦੇ,
ਇੱਥੇ ਦੂਈ ਵਿਕਾਰ ਦੀ ਥਾਂ ਕੋਈ ਨਹੀਂ।੫।
ਏਥੇ ਇਕੋ ਹੀ ਪਿਤਾ ਦੇ ਜਾਏ ਸਾਰੇ,
ਸਾਂਝੀਵਾਲਤਾ ਦਾ ਮਿਲਦਾ ਗਿਆਨ ਏਥੋਂ।
ਰਸ-ਭਿੰਨੀ ਗੁਰਬਾਣੀ ਦਾ ਸ਼ਬਦ ਸੁਣ ਕੇ,
ਸੇਵਾ ਸਿਮਰਨ ਦੀ ਮਿਲਦੀ ਪਛਾਣ ਏਥੇ।੬।
ਏਥੇ ਜਿਉਂਦਿਆਂ ਹੀ ਜੀਵਨ-ਮੁਕਤ ਹੁੰਦੇ,
ਡਰ ਮੌਤ ਦੇ ਨੇ ਏਥੇ ਮੁੱਕ ਜਾਂਦੇ।
ਏਥੇ ਆਇਆਂ ਚਰੱਖੜੀ ਨਾਲ ਪਿਆਰ ਜਾਗੇ,
ਡਰ ਉਬਲਦੀ ਦੇਗਾਂ ਦੇ ਚੁੱਕ ਜਾਂਦੇ।੭।
ਜਿਨ੍ਹਾਂ ਸ਼ਬਦ ਗੁਰਬਾਣੀ ਦਾ ਮਨ ਵੱਸਿਆ,
ਉਹ ਖੋਪਰ ਲੁਹਾਣ ਤੋਂ ਨਹੀਂ ਡਰਦੇ।
ਉਹ ਇੰਜਣਾਂ ਤਾਈਂ ਖਲ੍ਹਾਰ ਲੈਂਦੇ,
ਬੰਦ ਬੰਦ ਕਟਾਣ ਤੋਂ ਨਹੀਂ ਡਰਦੇ।੮।
ਇਕੋ 'ਮਾਨਸ ਦੀ ਜਾਤ' ਪਹਿਚਾਨਦੇ ਨੇ,
ਜਿਨ੍ਹਾਂ ਲੜ ਗੁਰੂ ਗ੍ਰੰਥ ਦਾ ਫੜ ਲਿਆ ਏ।
ਕਿਸੇ ਦੇਵੀ ਦਿਉਤੇ ਨੂੰ ਨਹੀਂ ਮੰਨਦੇ,
ਜਿਨ੍ਹਾਂ ਸ਼ਬਦ ਨੂੰ ਹਿਰਦੇ 'ਚ ਜੜ੍ਹ ਲਿਆ ਏ।੯।
ਜਿਨ੍ਹਾਂ 'ਗੁਰੂ' ਗੁਰੂ ਗ੍ਰੰਥ ਨੂੰ ਮੰਨਿਆ ਏ,
ਦੇਹ-ਧਾਰੀ ਖੁਆਰੀ ਦੀ ਲੋੜ ਕੋਈ ਨਹੀਂ।
ਮਗਰ ਲਗਣ ਨਾ ਉਹ ਪਖੰਡੀਆਂ ਦੇ,
ਜਾਪੇ ਗੁਰੂ-ਘਰ ਵਿਚ ਉਨ੍ਹਾਂ ਥੋੜ ਕੋਈ ਨਹੀਂ।੧੦।
ਗੁਰੂ ਗ੍ਰੰਥ ਦੀ ਧੂੜੀ ਚੋਂ ਲੈ ਕਿਣਕਾ,
ਕਈ ਪਖੰਡੀਆਂ ਹੱਟੀ ਚਮਕਾਈ ਹੋਈ ਏ।
ਪੰਥ ਜਾਗ ਪਿਆ, ਜਾਗੇ ਸੂਰਬੀਰੇ,
ਲਗਦੇ ਸ਼ਾਮਤ ਹੁਣ ਇਨ੍ਹਾਂ ਦੀ ਆਈ ਹੋਈ ਏ।੧੧।

www.AKJ.Org

# ਸਿੱਖ ਇਸਤ੍ਰੀਆਂ ਤੇ ਦਸਤਾਰ

[ਵਲੋਂ--ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ']

ਨੋਟ—ਵੈਨਕੋਵਰ ਕੈਨੇਡਾ ਤੋਂ ਛਪਣ ਵਾਲੇ ਰਸਾਲੇ "ਦੀ ਵੈਸਟਰਨ ਸਿਖ ਸਮਾਚਾਰ" ਦੇ ਜੁਲਾਈ ੧੯੭੮ ਅੰਕ ਵਿਚ ਸਿੰਘ ਸਾਹਿਬ ਗੁਰਦਿਆਲ ਸਿੰਘ ਜੀ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਦੇ ਕੈਨੇਡਾ-ਦੌਰੇ ਸਮੇਂ ਲੈਕਚਰਾਂ ਦਾ ਜੋ ਸਾਰੰਸ਼ ਛਪਿਆ ਹੈ, ਉਸ ਵਿਚ ਸਫਾ ੫੦ ਤੇ ਇਹ ਸ਼ਬਦ ਵੀ ਦਿਤੇ ਹੋਏ ਹਨ—

> "ਜਥੇਦਾਰ ਸਾਹਿਬ ਜੀ ਨੇ ਕਿਹਾ ਕਿ ਬੀਬੀਆਂ ਲਈ ਸਿਰ ਉਪਰ ਦਸਤਾਰ (ਕੇਸਕੀ) ਸਜਾਉਣੀ ਜ਼ਰੂਰੀ ਨਹੀਂ ਹੈ। ਇਹ ਤਾਂ ਭਾਈ ਸਾਹਿਬ ਰਣਧੀਰ ਸਿੰਘ ਨੇ ਸ਼ੁਰੂ ਕੀਤੀ ਹੈ। ਉਸ ਤੋਂ ਪਹਿਲਾਂ ਕਿਤੇ ਇਤਿਹਾਸ ਵਿਚ ਨਹੀਂ ਮਿਲਦੀ, ਨਾ ਕੋਈ ਗੱਲ ਹੈ ਨਾ ਕੋਈ ਬਾਤ ਹੈ। ਕੋਈ ਮੈਨੂੰ ਸਾਬਤ ਕਰ ਕੇ ਦਸ ਦੇਵੇ ਕਿ ਉਸ ਤੋਂ ਪਹਿਲਾਂ ਬੀਬੀਆਂ ਦੇ ਸਿਰ ਉਪਰ ਦਸਤਾਰ ਸਜਾਉਣ ਦੀ ਮਰਯਾਦਾ ਹੋਵੇ।"

ਸ਼੍ਰੋਮਣੀ ਕਮੇਟੀ ਦੇ ਅਜ ਕਲ੍ਹ ਦੇ ਰੀਸਰਚ ਸਕਾਲਰ ਅਤੇ ਇਤਿਹਾਸਕਾਰ ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਪੁਰਾਤਨ ਸਿੰਘ-ਸਭੀਆਂ ਵਿਚੋਂ ਹਨ ਅਤੇ ਉਨ੍ਹਾਂ ਦਾ ਹੇਠ ਲਿਖਿਆ ਲੇਖ ਜਥੇਦਾਰ ਸਾਹਿਬ ਦੀ ਉਪਰੋਕਤ ਵੰਗਾਰ ਦਾ ਮੁਕੰਮਲ ਜਵਾਬ ਹੈ। ਜੇ ਜਥੇਦਾਰ ਸਾਹਿਬ ਦੀ ਇਸ ਲੇਖ ਨਾਲ ਪੂਰੀ ਤਸੱਲੀ ਨਹੀਂ ਤਾਂ ਹੋਰ ਵੀ ਇਸ ਸੰਬੰਧੀ ਬਹੁਤ ਕੁਝ ਦਿਤਾ ਜਾ ਸਕਦਾ ਹੈ। —ਸੰਪਾਦਕ

ਸਿੱਖਾਂ ਦੀ ਰਹਿਤ-ਬਹਿਤ ਜਿਵੇਂ ਹਿੰਦੂਆਂ, ਮੁਸਲਮਾਨਾਂ ਅਤੇ ਈਸਾਈਆਂ ਆਦਿ ਨਾਲੋਂ ਵੱਖਰੀ ਹੈ, ਤਿਵੇਂ ਸਿੱਖ ਇਸਤ੍ਰੀਆਂ ਵੀ ਰਹਿਤ ਬਹਿਤ ਦੇ ਨੁਕਤਾ-ਨਿਗਾਹ ਤੋਂ ਉਪਰੋਕਤ ਮਜ਼ਹਬਾਂ ਦੀਆਂ ਇਸਤ੍ਰੀਆਂ ਦੇ ਮੁਕਾਬਲੇ ਤੇ ਅਲੱਗ ਹਨ। ਹੋਰ ਪੰਜ ਕਕਾਰ ਆਦਿ ਦੀ ਰਹਿਤ ਬਹਿਤ ਤੋਂ ਇਲਾਵਾ ਸਿੱਖ ਇਸਤ੍ਰੀਆਂ ਦੀ ਆਦਿ ਕਾਲ ਤੋਂ ਵਡੀ ਖ਼ੂਬੀ ਇਹ ਰਹੀ ਹੈ ਕਿ ਉਹ ਨੱਕ, ਕੰਨ ਅਣ-ਵਿੱਧ ਰਖਦੀਆਂ ਤੇ ਗਹਿਣਾ ਗੱਟਾ ਕੋਈ ਨਹੀਂ ਪਾਂਦੀਆਂ। ਖੰਡੇ ਦੇ ਅੰਮ੍ਰਿਤ ਦਾ ਪਾਨ ਤੇ ਸਿਰ ਉਤੇ ਦਸਵੇਂ ਦਵਾਰ ਪੁਰ ਜੂੜਾ(knot )ਤੇ ਉਸਦੇ ਉੱਪਰ ਦਸਤਾਰ ਸਜਾਉਣੀ ਉਨ੍ਹਾਂ ਦੇ ਜੀਵਨ ਦਾ ਮੁੱਖ ਕਰਤੱਵ ਰਿਹਾ ਹੈ। ਇਸ ਦੇ ਨਾਲ ਹੀ ਤਨ ਕੱਜਣ ਲਈ ਸਿੱਧੇ ਸਾਦੇ ਵਸਤ੍ਰਾਂ ਦੇ ਪਹਿਰਾਵੇ ਨਾਲ ਹੀ ਸ਼ਸਤ੍ਰ-ਅਸਤ੍ਰਾਂ ਦਾ ਹੁਨਰ-ਮੰਦਾਨਾ ਪ੍ਰਯੋਗ ਕਰਨ ਤੋਂ ਲੋੜ ਪੈਣ ਤੇ ਉਨ੍ਹਾਂ ਨੇ ਕਦੇ ਆਲਸ ਨਹੀਂ ਦਿਖਾਈ। ਇਹ ਖ਼ੂਬੀ, ਜਿੱਥੋਂ ਤਕ ਪੰਜਾਬੀ ਸਿੱਖ ਇਸਤ੍ਰੀਆਂ ਦੇ ਵੀਰਤਾ ਭਰੇ ਜੀਵਨ ਦਾ ਸੰਬੰਧ ਹੈ, ਉਨ੍ਹਾਂ ਨੇ ਹਮੇਸ਼ਾ ਹੀ ਆਪਣੇ ਅੰਗ ਸੰਗ ਰੱਖੀ ਹੈ। ਸਿਖ ਇਤਿਹਾਸ ਦੇ ਪਤ੍ਰਿਆਂ ਉਤੇ ਅੰਕਿਤ ਮਾਤਾ ਭਾਗ ਕੌਰ, ਬੀਬੀ ਸ਼ਰਨ ਕੌਰ ਤੇ ਮਾਤਾ ਕਿਸ਼ਨ ਕੌਰ ਕਾਉਂਕੇ (ਲੁਧਿਆਣਾ) ਦੇ ਜੀਵਨ ਤੋਂ ਇਸ ਸੱਚਾਈ ਦਾ ਅਨੁਮਾਨ ਸਹਿਜੇ ਹੀ ਲੱਗ ਸਕਦਾ ਹੈ।

ਅਠਾਰ੍ਹਵੀਂ ਸਦੀ ਦੇ ਅੱਧ ਵਿਚਕਾਰ ਜਦੋਂ ਪੰਜਾਬ ਵਿਚ ਲਾਹੌਰ ਦੇ ਮੁਗ਼ਲ ਹਾਕਮਾਂ ਨੇ ਅੱਤ ਚੁਕੀ ਹੋਈ ਸੀ ਤੇ ਸਿੱਖਾਂ ਦੇ ਸਿਰਾਂ ਦਾ ਮੁੱਲ ੮੦-੮੦ ਰੁਪਏ ਪੈਂਦਾ ਸੀ ਤਾਂ ਸਿਖ ਨੌਜਵਾਨ ਤਾਂ ਉਸ ਸਮੇਂ ਜੰਗਲਾਂ ਵਿਚ ਚਲੇ ਗਏ ਸਨ, ਇਸ ਲਈ ਬਹੁਤ ਸਾਰੇ ਜ਼ਾਲਮ ਤੇ ਲਾਲਚੀ ਲੋਕ



www.AKJ.Org

ਸਿੱਖਾਂ ਦੀ ਅਣਹੋਂਦ ਕਾਰਨ ਪਿੰਡਾਂ ਵਿਚੋਂ ਸਿੱਖ ਇਸਤ੍ਰੀਆਂ ਦੇ ਸਿਰ ਹੀ ਕੱਟ ਲਿਜਾਂਦੇ ਤੇ ਉਨ੍ਹਾਂ ਸਿਰਾਂ ਬਦਲੇ ਸੂਬਾ ਲਾਹੌਰ ਤੋਂ ਇਨਾਮ ਹਾਸਲ ਕਰਦੇ ਸਨ। ਇਹ ਇਸ ਕਾਰਨ ਕਿ ਸਿੱਖ ਨੌਜਵਾਨਾਂ ਤੇ ਇਸਤ੍ਰੀਆਂ ਦੇ ਸਿਰਾਂ ਉਤੇ ਦਸਤਾਰ ਹੋਣ ਕਰਕੇ ਉਨ੍ਹਾਂ ਵਿਚ ਏਨਾ ਫ਼ਰਕ ਨਹੀਂ ਸੀ ਮਹਿਸੂਸ ਕੀਤਾ ਜਾਂਦਾ। ਪੇਂਡੂ ਸਿੱਖ ਮਰਦਾਂ ਤੇ ਇਸਤ੍ਰੀਆਂ ਉਤੇ ਇਹ ਜ਼ੁਲਮ ਦਾ ਝੱਖੜ ਸੂਬਾ ਖ਼ਾਨ ਬਹਾਦੁਰ ਦੇ ਸਮੇਂ ਤੋਂ ਲੈ ਕੇ ਮੀਰ ਮੰਨੂੰ ਦੇ ਸਮੇਂ ਤਕ ਝੁਲਦਾ ਰਿਹਾ, ਪਰ ਸਿਖ ਫੇਰ ਵੀ ਆਪਣੇ ਸਿੱਖੀ ਸਿੱਦਕ ਤੋਂ ਇਕ ਰੱਤੀ ਭਰ ਵੀ ਪਿੱਛੇ ਨਾ ਹੱਟੇ, ਜੋ ਉਨ੍ਹਾਂ ਦੇ ਵੀਰਤਾ ਭਰੇ ਜੀਵਨ ਦੀ ਇਕ ਉੱਜ਼ਲ ਉਦਾਹਰਣ ਹੈ।

ਇਸ ਤੋਂ ਪਿਛੋਂ ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਤੇ ਸਿਖ ਰਾਜ ਦੇ ਸਮੇਂ ਤਕ ਸਿਖ-ਇਸਤ੍ਰੀਆਂ ਦੀ ਉਹੋ ਰਹਿਤ-ਬਹਿਤ ਰਹੀ, ਜੋ ਸ੍ਰੀ ਦਸਮੇਸ਼ ਦੇ ਸਮੇਂ ਤੋਂ ਸਿਖ ਪਰਿਵਾਰਾਂ ਵਿਚ ਆਮ ਪ੍ਰਚਲਤ ਸੀ। ਸਿਖ ਰਾਜ ਦੇ ਸਮੇਂ ਦੇ ਸਿੱਖ ਇਸਤ੍ਰੀਆਂ ਦੇ ਬਹੁਤ ਸਾਰੇ ਉਚੇ ਜੂੜੇ ਵਾਲੇ ਚਿਤ੍ਰ, ਜਿਨ੍ਹਾਂ ਤੋਂ ਉਨ੍ਹਾਂ ਦੇ ਦਸਤਾਰ-ਧਾਰਨੀ ਹੋਣ ਦਾ ਪਤਾ ਲਗਦਾ ਹੈ, ਕਈ ਥਾਵੇਂ ਅਜਾਇਬ ਘਰਾਂ ਵਿਚੋਂ ਮਿਲਦੇ ਹਨ। ਅਜਿਹੇ ਦੋ ਚਿਤ੍ਰ ਬੰਬਈ ਦੇ ਅੰਗ੍ਰੇਜ਼ੀ ਰਸਾਲਾ 'ਮਾਰਗ' (ਜੂਨ ੧੯੭੭) ਦੇ ਅੰਮ੍ਰਿਤਸਰ ਵਿਸ਼ੇਸ਼ ਅੰਕ ਸਫਾ ੬੫ ਪਰ ਵੀ ਛਪੇ ਹੋਏ ਹਨ। ਪ੍ਰਸਿੱਧ ਇਤਿਹਾਸਕਾਰ ਮਿਸਟਰ ਜੇ. ਡੀ. ਕਨਿੰਘਮ ਨੇ ਇਸੇ ਕਾਰਨ History of the Sikhs ਵਿਚ ਸਿਖ-ਇਸਤ੍ਰੀਆਂ ਦਾ ਪਹਿਰਾਵਾ ਦਸਦਿਆਂ ਹੋਇਆਂ ਉਨ੍ਹਾਂ ਦੇ ਸਿਰ ਉਤੇ knot (ਜੂੜੇ) ਦਾ ਜ਼ਿਕਰ ਕੀਤਾ ਹੈ।

ਸਿਖ ਰਾਜ ਤੋਂ ਪਿਛੋਂ ਅੰਗ੍ਰੇਜ਼ੀ ਰਾਜ ਸਮੇਂ, ਜਦ ਏਥੇ ਸੰਨ ੧੮੭੩ ਵਿਚ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤ-ਸਰ ਕਾਇਮ ਹੋਣ ਪਿਛੋਂ ਸਿੰਘ ਸਭਾ ਲਹਿਰ ਚਲੀ ਤਾਂ ਬਹੁਤੇ ਸਿੰਘ-ਸਭੀਏ ਸਿੱਖ ਇਸਤ੍ਰੀਆਂ ਲਈ ਦਸਤਾਰ ਦਾ ਪਹਿਰਾਵਾ ਜ਼ਰੂਰੀ ਸਮਝਦੇ ਸਨ, ਜਿਸ ਕਰਕੇ ਸਿੱਖ ਬੀਬੀਆਂ ਦੇ ਸਕੂਲਾਂ—ਖਾਲਸਾ ਭੁਜੰਗਣ ਸਕੂਲ ਕੈਰੋਂ (ਅੰਮ੍ਰਿਤਸਰ), ਖ਼ਾਲਸਾ ਕੰਨਿਆ ਸਕੂਲ ਜਸਪਾਲੋਂ, ਸਿੱਖ ਕੰਨਿਆ ਵਿਦਿਆਲਾ ਫ਼ੀਰੋਜ਼ਪੁਰ, ਵਿਦਿਆ ਭੰਡਾਰ ਪੰਚਖੰਡ (ਭਸੌੜ) ਰਿਆਸਤ ਪਟਿਆਲਾ ਆਦਿ ਸਕੂਲਾਂ ਦੀਆਂ ਵਿਦਿਆਰਥਣਾਂ ਦਸਤਾਰ ਦੀਆਂ ਧਾਰਨੀ ਸਨ। ਏਥੋਂ ਤਕ ਕਿ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਲੇਖਕ ਤੇ ਮਹਾਂ ਕਵੀ ਭਾਈ ਵੀਰ ਸਿੰਘ ਜੀ ਨੇ ਆਪਣੀ ਪ੍ਰਸਿੱਧ ਕਾਵਯ-ਰਚਨਾ "ਰਾਣਾ ਸੂਰਤ ਸਿੰਘ" ਵਿਚ ਵੀ ਉਸ ਦੀ ਨਾਇਕਾ ਰਾਣੀ ਰਾਜ ਕੌਰ ਦੇ ਸਿਰ ਉਤੇ ਦਸਤਾਰ ਦਿਖਾਈ ਹੈ, ਜੋ ਉਸ ਸਮੇਂ ਦੇ ਸਿੱਖ ਇਸਤ੍ਰੀਆਂ ਦੇ ਦਸਤਾਰੇ ਦੇ ਪਹਿਰਾਵੇ ਦਾ ਇਕ ਸਪੱਸ਼ਟ ਪ੍ਰਮਾਣ ਹੈ।

ਫੇਰ ਸਿੰਘ ਸਭਾ ਲਹਿਰ ਤੋਂ ਪਿਛੋਂ ਸੰਨ ੧੯੨੦ ਤੋਂ ੧੯੨੬ ਤਕ ਅਕਾਲੀ ਲਹਿਰ ਦੇ ਸਮੇਂ ਵਿਚ ਸ਼ਰੋਮਣੀ ਅਕਾਲੀ ਦਲ ਤੇ ਸ਼ਰੋਮਣੀ ਕਮੇਟੀ ਦੇ ਲਗ ਪਗ ਸਾਰੇ ਹੀ ਮੈਂਬਰ ਸਿੱਖ ਇਸਤ੍ਰੀਆਂ ਲਈ ਦਸਤਾਰ ਦੀ ਧਾਰਨਾ, ਸਿੱਖੀ ਜੀਵਨ ਦਾ ਇਕ ਲਾਜ਼ਮੀ ਅੰਗ ਸਮਝਦੇ ਸਨ; ਜਿਸ ਕਾਰਨ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਆਦਿ ਥਾਵੀਂ ਜਿਨ੍ਹਾਂ ਪਰਿਵਾਰਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਜਾਂਦਾ ਸੀ, ਉਨ੍ਹਾਂ ਵਿਚੋਂ ਸਿਖ ਬੀਬੀਆਂ ਲਾਜ਼ਮੀ ਤੌਰ ਤੇ ਦਸਤਾਰ ਦੀਆਂ ਧਾਰਨੀ ਹੁੰਦੀਆਂ ਸਨ, ਨਹੀਂ ਤਾਂ ਉਨ੍ਹਾਂ ਨੂੰ ਹੋਰ ਕਿਸੇ ਹਾਲਤ ਵਿਚ ਅੰਮ੍ਰਿਤ ਨਹੀਂ ਛਕਾਇਆ ਜਾਂਦਾ ਸੀ। ਉਸ ਸਮੇਂ ਸੈਂਟਰਲ ਖ਼ਾਲਸਾ ਮਾਝਾ ਦੀਵਾਨ ਤੇ ਗੜਗੱਜ ਅਕਾਲੀ ਦੀਵਾਨ ਤਰਨ ਤਾਰਨ, ਜਿਨ੍ਹਾਂ ਦੇ ਮੈਂਬਰਾਂ ਨੇ ਅਕਾਲੀ ਲਹਿਰ ਦੇ ਰੂਪ ਵਿਚ ਗੁਰਦੁਆਰਾ ਸੁਧਾਰ ਲਹਿਰ ਨੂੰ ਜਨਮ ਦਿੱਤਾ, ਸਾਰੇ ਹੀ ਸਿਖ ਬੀਬੀਆਂ ਲਈ ਦਸਤਾਰ ਦੀ ਧਾਰਨਾ ਦੇ ਹਾਮੀ ਸਨ, ਜਿਸ ਕਰਕੇ ਉਨ੍ਹਾਂ ਦੇ ਘਰਾਂ ਵਿਚ ਸਭ ਬੀਬੀਆਂ ਤੇ ਇਸਤ੍ਰੀਆਂ ਪੰਜ ਕਕਾਰਾਂ ਸਮੇਤ ਦਸਤਾਰ ਦੀਆਂ ਧਾਰਨੀ ਹੁੰਦੀਆਂ ਸਨ।

ਸੰਨ ੧੯੨੬ ਦੇ ਅਧ ਵਿਚਕਾਰ ਜਦ ਗੁਰਦੁਆਰਾ ਐਕਟ ੧੯੨੫ ਦੇ ਮੁਤਾਬਿਕ ਗੁਰਦੁਆਰਾ ਸੈਂਟਰਲ ਬੋਰਡ ਦੇ ਨਾਂ ਹੇਠ ਨਵੀਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਜੂਦ ਵਿਚ



www.AKJ.Org

ਆਈ, ਤਾਂ ਗੁਰੂ ਪੰਥ ਵਿਚ ਅੰਗਰੇਜ਼ੀ ਕਾਨੂੰਨ-ਕਾਇਦੇ ਮੁਤਾਬਿਕ ਸਰਬ-ਸੰਮਤੀ ਦੀ ਥਾਵੇਂ ਬਹੁ-ਸੰਮਤੀ ਪ੍ਰਧਾਨ ਹੋਈ ਤਾਂ ਬਹੁਤੇ ਪਰਿਵਾਰਾਂ ਵਿਚ ਸਿਖ ਬੀਬੀਆਂ ਦੇ ਸਿਰੋਂ ਦਸਤਾਰਾਂ ਲਹਿਣੀਆਂ ਸ਼ੁਰੂ ਹੋਈਆਂ ਤੇ ਕੁਝ ਸਮੇਂ ਪਿਛੋਂ ਸ੍ਰੀ ਅਕਾਲ ਤਖ਼ਤ ਸਾਹਿਬ ਆਦਿ ਥਾਵੀਂ ਦਸਤਾਰ-ਹੀਨ ਸਿੱਖ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦਾ ਰਿਵਾਜ ਪ੍ਰਚਲਿਤ ਹੋਇਆ ਤੇ ਸਿੱਖ-ਬੀਬੀਆਂ ਲਈ ਨੱਕ-ਕੰਨ ਗਹਿਣੇ ਗੱਟੇ ਨਾ ਪਾਉਣ ਦੀ ਪਾਬੰਦੀ ਵੀ ਹਟਣ ਲੱਗ ਪਈ, ਜਿਸ ਕਾਰਨ ਹੁਣ ਕਹਿੰਦੇ-ਕਹਾਉਂਦੇ ਕਿਤਨੇ ਹੀ ਸਿੱਖ ਪਰਿਵਾਰਾਂ ਵਿਚ ਢਿੱਲੜ-ਪੁਣੇ ਦਾ ਇਤਨਾ ਜ਼ੋਰ ਹੈ ਕਿ ਸਿਖ ਬੀਬੀਆਂ ਤੇ ਹਿੰਦੂ, ਮੁਸਲਿਮ ਜਾਂ ਈਸਾਈ ਬੀਬੀਆਂ ਦੇ ਪਹਿਰਾਵੇ ਦਾ ਪਰਸਪਰ ਕੋਈ ਫ਼ਰਕ ਬਾਕੀ ਰਿਹਾ ਨਜ਼ਰ ਨਹੀਂ ਆਉਂਦਾ। ਏਥੋਂ ਤਕ ਕਿ ਗ੍ਰੰਥੀਆਂ, ਜੱਥੇਦਾਰਾਂ, ਪੰਜ ਪਿਆਰਿਆਂ ਤੇ ਸਿੱਖੀ ਪ੍ਰਚਾਰ ਦੇ ਮੋਢੀਆਂ ਦੇ ਘਰਾਂ ਵਿਚ ਹਿੰਦੂ-ਮੁਸਲਿਮ ਪਹਿਰਾਵੇ ਦੀਆਂ ਧਾਰਨੀ ਜਾਂ ਗਹਿਣੇ ਗੱਟੇ ਪਾਉਣ ਵਾਲੀਆਂ ਫ਼ੈਸ਼ਨਦਾਰ ਬੀਬੀਆਂ ਦਾ ਹੀ ਬੋਲ-ਬਾਲਾ ਹੈ, ਜੋ ਸਕੂਲਾਂ ਵਿਚ ਵੀ (N. C. C) ਐਨ. ਸੀ. ਸੀ. ਦੀਆਂ ਪਰੇਡਾਂ ਸਮੇਂ ਸਿਰਾਂ ਉਤੇ ਟੋਪੀ ਲੈਣਾ ਗੁਨਾਹ ਨਹੀਂ ਸਮਝਦੀਆਂ। ਉਨ੍ਹਾਂ ਦਾ ਇਹ ਪਹਿਰਾਵਾ ਮੇਰੇ ਤਜਰਬੇ ਵਿਚ ਆਈ ਮਿਸਾਲ ਦਾ ਇਕ ਪਰਤੋ ਹੈ।

ਹੁਣ ਸਾਡੇ ਸਿੱਖ ਆਗੂ ਜਾਂ ਗੁਰਮਿਤ ਪ੍ਰਚਾਰ ਦੇ ਮੋਢੀ ਕਦੋਂ ਆਪਣੇ ਪੂਰਬਲੇ ਗੌਰਵ ਦਾ ਚੇਤਾ ਕਰ ਕੇ ਅੱਗਾ ਸਵਾਰਨ ਦਾ ਜਤਨ ਕਰਨਗੇ, ਇਸ ਬਾਰੇ ਹਾਲੇ ਕੋਈ ਆਸ਼ਾ ਦੀ ਕਿਰਨ ਨਹੀਂ ਆਉਂਦੀ। ਪਰ ਹਾਂ, ਅਜੇ ਥੋੜਾ ਚਿਰ ਹੀ ਹੋਇਆ, ਪਿਛਲੇ ਸਾਲ ਸਾਡੀ ਰਾਜਧਾਨੀ ਚੰਡੀਗੜ੍ਹ ਵਿਚ ਸਕੂਟਰ ਚਲਾਉਂਦੀ ਇਕ ਸਿੱਖ ਬੀਬੀ ਦਾ ਚਾਲਾਨ ਪੁਲਿਸ ਨੇ ਏਸ ਕਰਕੇ ਕਰ ਦਿੱਤਾ ਕਿ ਉਸ ਨੇ ਆਪਣੇ ਸਿਰ ਉਤੇ ਨਵੇਂ ਸਰਕਾਰੀ ਕਾਨੂੰਨ-ਕਾਇਦੇ ਦੇ ਮੁਤਾਬਿਕ ਆਪਣੇ ਸਿਰ ਉਤੇ ਲੋਹ-ਟੋਪ ਨਹੀਂ ਸੀ ਪਹਿਨਿਆ ਹੋਇਆ। ਪਰ ਇਸ ਕਾਇਦੇ ਦੇ ਬਾਵਜੂਦ ਕਿ ਦਸਤਾਰ-ਧਾਰੀ ਸਿਖ ਮਰਦ-ਇਸਤ੍ਰੀਆਂ ਲਈ ਸਕੂਟਰ ਚਲਾਉਣ ਸਮੇਂ ਲੋਹ-ਟੋਪ ਪਹਿਨਣ ਤੋਂ ਛੋਟ ਹੈ, ਪਰ ਫੇਰ ਵੀ ਪੁਲਿਸ ਨੇ ਦਸਤਾਰ ਨਾ ਦਿਸਣ ਕਰਕੇ ਉਸ ਬੀਬੀ ਦਾ ਚਲਾਨ ਕਰ ਹੀ ਦਿੱਤਾ। ਇਸ ਸੰਬੰਧ ਵਿਚ ਮੁਕੱਦਮਾ ਚੱਲਣ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਜੀ ਟੋਹੜਾ ਤੇ ਹੋਰ ਕਈ ਪਤਿਵੰਤੇ ਸਿੱਖਾਂ ਦੀ ਗਵਾਹੀ ਹੋਈ, ਜਿਸ ਕਰਕੇ ਇਸ ਕੇਸ ਦੇ ਫ਼ੈਸਲੇ ਵਜੋਂ ਚੰਡੀਗੜ੍ਹ ਦੇ ਜੁਡੀਸ਼ਲ ਮੈਜਿਸਟਰੇਟ ਸ੍ਰੀ ਬੀ. ਸੀ. ਰਾਜਪੂਤ ਨੇ ਫ਼ੈਸਲਾ ਦਿੱਤਾ ਕਿ ੨੨ ਫਰਵਰੀ ੧੯੭੩ ਦੇ ਨੋਟੀਫ਼ੀਕੇਸ਼ਨ ਅਨੁਸਾਰ ਦਸਤਾਰ ਪਹਿਨਣ ਵਾਲੇ ਸਿੱਖਾਂ ਤੇ ਦਸਤਾਰ ਪਹਿਨਣ ਵਾਲੀਆਂ ਬੀਬੀਆਂ ਨੂੰ ਛੋਟ ਦਿੱਤੀ ਗਈ ਹੈ, ਇਸ ਲਈ ਇਸ ਕਾਂਡ ਵਿਚ ਦੋਸ਼ੀ ਕੁਮਾਰੀ ਇੰਦੂਮੋਹਨ ਕੌਰ ਨੂੰ ਉਸਦੇ ਬਿਆਨ ਦੇਣ ਤੇ ਕਿ ਉਸ ਨੇ ਸਕੂਟਰ ਚਲਾਉਣ ਸਮੇਂ ਦਸਤਾਰ ਪਹਿਨੀ ਹੋਈ ਸੀ, ਅਦਾਲਤ ਵਲੋਂ ਕੁਝ ਇਤਰਾਜ਼ ਹੋਣ ਦੇ ਬਾਵਜੂਦ ਰਿਹਾਈ ਮਿਲ ਗਈ। (ਦੇਖੋ, ਪੰਜਾਬੀ ਟ੍ਰਿਬਿਊਨ ਚੰਡੀਗੜ੍ਹ, ੪ ਸਤੰਬਰ ੧੯੭੮, ਸਫ਼ਾ ੨, ਕਾਲਮ ੩–੪)

ਇਹ ਜੋ ਸਿਖ ਬੀਬੀਆਂ ਦੇ ਦਸਤਾਰ ਪਹਿਨਣ ਸੰਬੰਧੀ ਇਕ ਪਹਿਲਾ ਕੇਸ, ਜੋ ਚੰਡੀਗੜ੍ਹ ਪੁਲੀਸ ਨੇ ਕਾਨੂੰਨ ਦੀ ਆੜ ਲੈਕੇ ਜਾਂ ਐਵੇਂ ਕਿਸੇ ਬਹਾਨੇ ਜਾਣ ਬੁੱਝ ਕੇ ਚਲਾਇਆ, ਪਰ ਇਹ ਮਸਲਾ ਸਿੱਖ ਬੀਬੀਆਂ ਲਈ ਨਾ ਕੇਵਲ ਸਕੂਟਰ ਚਲਾਉਣ ਤਕ ਹੀ ਮਹਿਦੂਦ ਹੈ, ਸਗੋਂ ਹੋਰ ਸਕੂਲਾਂ-ਕਾਲਜਾਂ ਆਦਿ ਵਿਚ ਐਨ. ਸੀ. ਸੀ. ਦੀ ਪਰੇਡ ਕਰਨ ਸਮੇਂ ਵੀ ਇਹੋ ਝਗੜਾ ਬੁਰੀ ਤਰ੍ਹਾਂ ਪੇਸ਼ ਆਉਂਦਾ ਹੈ, ਜਿਸ ਕਰਕੇ ਕਈ ਸਿਖ ਬੀਬੀਆਂ ਸਿਰਾਂ ਉਤੇ ਰੁਮਾਲ ਬੰਨ੍ਹ ਕੇ ਐਨ. ਸੀ. ਸੀ. ਦੀ ਪਰੇਡ ਕਰ ਆਉਂਦੀਆਂ ਹਨ, ਪਰ ਕਈ ਸਿਰਕੱਢ ਸਿੱਖਾਂ ਦੀਆਂ ਫ਼ੈਸ਼ਨ-ਪ੍ਰਸਤ ਬੀਬੀਆਂ, ਜੋ ਟੋਪੀ ਪਹਿਨਣਾ ਗੁਨਾਹ ਨਹੀਂ ਸਮਝਦੀਆਂ, ਸਿਰਾਂ ਉਤੇ ਟੋਪੀ ਲੈ ਕੇ ਹੋਰ ਸਿਖ ਲੜਕੀਆਂ ਲਈ ਸਖ਼ਤ ਮੁਸ਼ਕਿਲ ਖੜੀ ਕਰ ਦੇਂਦੀਆਂ ਹਨ। ਇਹੋ ਹਾਲ ਫ਼ੌਜੀ ਅਦਾਰਿਆਂ ਦਾ



www.AKJ.Org

ਹੈ, ਜੋ ਹਰ ਮੁਮਕਿਨ ਤਰੀਕੇ ਨਾਲ ਹਟਾਉਣਾ ਜੋਗ ਹੈ।

ਸਿੱਖ ਬੀਬੀਆਂ ਤੇ ਸਿੱਖੀ ਪ੍ਰਚਾਰ ਦਾ ਭਵਿੱਖ ਅੱਗੇ ਲਈ ਕਿਹੋ ਜਿਹਾ ਹੈ, ਇਸ ਗੱਲ ਦਾ ਅਨੁਮਾਨ ਸਿੱਖਾਂ ਦੇ ਵਰਤਮਾਨ ਰਾਜਨੀਤਿਕ ਤੇ ਵਿਦਿਅਕ ਝੁਕਾਵਾਂ ਤੋਂ ਲਾਇਆ ਜਾ ਸਕਦਾ ਹੈ। ਸਿੱਖ ਘੱਟ ਗਿਣਤੀ ਵਿਚ ਹੋਣ ਕਰਕੇ ਰਾਜਨੀਤਕ ਪੱਖ ਤੋਂ ਹਮੇਸ਼ਾਂ ਪਛੜੇ ਰਹੇ ਤੇ ਰਾਜਨੀਤਕ ਮੁਕਾਬਲੇ ਤੇ ਵਿਦਿਅਕ ਪੱਖ ਵੀ ਇਨ੍ਹਾਂ ਦਾ ਇਸ ਕਰਕੇ ਕਮਜ਼ੋਰ ਹੈ ਕਿ ਇਨ੍ਹਾਂ ਨੂੰ ਆਪਣੇ ਘਰ ਦੀ ਬੜੀ ਘੱਟ ਜਾਣ-ਪਛਾਣ ਹੈ। ਇਸੇ ਕਾਰਨ ਉੱਨਤੀ ਦੇ ਮੈਦਾਨ ਵਿਚ ਅੱਗੇ ਵਧਣ ਤੋਂ ਵੀ ਕਈ ਵੇਰ ਪਛੜੇਵੇਂ ਦਾ ਕੁਝ ਅਨੁਮਾਨ ਇਸ ਗੱਲੋਂ ਵੀ ਲਾਇਆ ਜਾ ਸਕਦਾ ਹੈ ਕਿ ਪਹਿਲੇ ਪਹਿਲ ਸਾਡੇ ਸਿੱਖ ਜਦ ਇੰਗਲੈਂਡ, ਕੈਨੇਡਾ, ਅਮਰੀਕਾ ਆਦਿ ਥਾਵੀਂ ਗਏ ਤਾਂ ਆਪਣੇ ਧਰਮ ਵਲੋਂ ਢਿਲੜ ਤੇ ਅਨਜਾਣ ਹੋਣ ਕਰਕੇ ਵਿਦੇਸੀਆਂ ਦੇ ਮਾਇਆ-ਜਾਲ ਵਿਚ ਫਸ ਕੇ ਬੜੀ ਤੇਜ਼ੀ ਨਾਲ ਪਤਿਤ ਹੋਣ ਲਗ ਪਏ ਤੇ ਉਨ੍ਹਾਂ ਦੀਆਂ ਪਤਨੀਆਂ ਮੇਮਾਂ ਦੀ ਰੰਗਣ ਵਿਚ ਰੰਗੀਆਂ ਗਈਆਂ। ਵਿਦੇਸ਼ਾਂ ਵਿਚ ਸਿੱਖੀ ਦੀ ਇਹ ਗਿਰਾਵਟ ਸ਼ਾਇਦ ਕੁਝ ਹੋਰ ਸਮੇਂ ਤਕ ਇਸੇ ਤਰ੍ਹਾਂ ਬਣੀ ਰਹਿੰਦੀ. ਜੇ ਯੋਗੀ ਹਰਿਭਜਨ ਸਿੰਘ ਹੋਰੀਂ ਅਮਰੀਕਾ ਜਾ ਕੇ ਵਿਦੇਸ਼ੀਆਂ ਵਿਚ ਆਪਣੇ ਸਿਖ ਧਰਮ ਤੇ ਫਲਸਫੇ ਦਾ ਪ੍ਰਚਾਰ ਨਾ ਕਰਦੇ। ਉਨ੍ਹਾਂ ਨੇ ਪਿਛਲੇ ੧੫-੧੬ ਵਰ੍ਹਿਆਂ ਵਿਚ ਗੁਰਸਿੱਖੀ ਪ੍ਰਚਾਰ ਦੇ ਸਦਕੇ ਵਿਦੇਸ਼ੀ ਲੋਕਾਂ ਦੀ ਕਾਇਆਂ ਪਲਟ ਦਿੱਤੀ ਤੇ ਉਨ੍ਹਾਂ ਨੂੰ ਸਿੱਖ ਧਰਮ ਵਲ ਪ੍ਰੇਰਿਆ, ਜਿਸ ਨਾਲ ਅਮਰੀਕਾ ਦੇ ਵਸਨੀਕ ਸਿੰਘ ਸਜਣੇ ਸ਼ੁਰੂ ਹੋ ਗਏ। ਇਨ੍ਹਾਂ ਦੀ ਪੰਜ-ਕਕਾਰੀ ਰਹਿਤ, ਖਾਸ ਕਰ ਬੀਬੀਆਂ ਦੇ ਸੀਸ ਤੇ ਸਜੀਆਂ ਦਸਤਾਰਾਂ ਵੇਖ ਕੇ ਸਿਖੀਓਂ ਪਤਿਤ ਹੋ ਚੁਕੇ ਸਿਖਾਂ ਨੂੰ ਹੋਸ਼ ਆ ਰਹੀ ਹੈ ਅਤੇ ਉਹ ਦੁਬਾਰਾ ਸਿੰਘ ਸਜ ਕੇ ਸੁਰਜੀਤ ਹੋਣ ਲਗ ਪਏ ਹਨ। ਇਸ ਲਹਿਰ ਦੇ ਨਾਲ ਏਥੋਂ ਵਿਦੇਸ਼ ਜਾਣ ਵਾਲੇ ਸਿੱਖਾਂ ਨੂੰ ਪਤਿਤ ਹੋਣ ਤੋਂ ਹਮੇਸ਼ਾ ਲਈ ਠਲ੍ਹ ਪੈ ਰਹੀ ਹੈ। ਹੁਣ ਨਿਕਟ-ਭਵਿੱਖ ਵਿਚ ਜੇ ਪੰਜਾਬ ਦੇ ਸਿੱਖ, ਜਿਥੋਂ ਕਿ ਸਿਖ ਧਰਮ ਉਪਜਿਆ ਨਿਪਜਿਆ ਹੈ, ਜੇ ਆਪਣੇ ਘਰ ਤੋਂ ਅਨਜਾਣ ਤੇ ਅਵੇਸਲੇ ਰਹੇ ਤਾਂ ਸਿੱਖ ਧਰਮ ਬੁੱਧ ਧਰਮ ਦੀ ਤਰ੍ਹਾਂ ਜੇ ਹਿਜਰਤ ਕਰਕੇ ਏਥੋਂ ਅਮਰੀਕਾ, ਕੈਨੇਡਾ ਆਦਿ ਥਾਵੀਂ ਚਲਿਆ ਜਾਵੇ ਤਾਂ ਇਸ ਦੀ ਜ਼ਿਮੇਵਾਰੀ ਹੋਰ ਕਿਸੇ ਦੀ ਨਹੀਂ, ਸਾਡੀ ਆਪਣੀ ਹੋਵੇਗੀ। ਸਿੱਖ ਆਗੂਆਂ ਲਈ ਅੱਗੇ ਵਾਸਤੇ ਆਪਣਾ ਆਪਾ ਸੁਧਾਰਨ ਤੇ ਸੰਭਲ ਕੇ ਚੱਲਣ ਦੀ ਲੋੜ ਹੈ।

# ਦਿਆਲਪੁਰ ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਅਖੰਡ ਕੀਰਤਨੀ ਜਥਿਆਂ ਵਲੋਂ ਦਿਆਲਪੁਰ, ਕਰਤਾਰਪੁਰ ਤੇ ਇਲਾਕੇ ਦੇ ਆਲੇ ਦੁਆਲੇ ਦੇ ਪਿੰਡ ਵਿਖੇ ਜੋ ਪ੍ਰੋਗਰਾਮ ਅਗਸਤ ਤੋਂ ਸਤੰਬਰ ਤਕ ਰਖੇ ਗਏ ਹਨ, ਉਨ੍ਹਾਂ ਦੇ ਅਖ਼ੀਰਲੇ ਪ੍ਰੋਗਰਾਮ ਦਿਆਲਪੁਰ ਵਿਖੇ ਹੇਠ ਲਿਖੇ ਅਨੁਸਾਰ ਹੋ ਰਹੇ ਹਨ—

੩ ਅਕਤੂਬਰ ਸਵੇਰੇ ੩ ਤੋਂ ੫ ਕੀਰਤਨ ਆਸਾ ਦੀ ਵਾਰ, ਉਪਰੰਤ ਪਹਿਲਾ ਅਖੰਡ ਪਾਠ ਅਰੰਭ ਗੁ: ਪਡਿਆ ਵਾਲਾ। ਰਾਤ ਨੂੰ ੮ ਤੋਂ ੧੦ ਤਕ ਅਖੰਡ ਕੀਰਤਨ ਅਕਤੂਬਰ ੧੫ ਨੂੰ ਡਾ: ਬਾਲ ਸਿੰਘ, ੧੬ ਨੂੰ ਭਾਈ ਗੁਲਜ਼ਾਰਾ ਸਿੰਘ, ੧੭ ਨੂੰ ਮਾਤਾ ਕਰਤਾਰ ਕੌਰ, ੧੮ ਨੂੰ ਸ: ਦਰਸ਼ਨ ਸਿੰਘ, ੧੯ ਨੂੰ ਭਾ: ਗੁਰਚਰਨ ਸਿੰਘ, ੨੦ ਨੂੰ ਸ: ਆਤਮਾ ਸਿੰਘ ਦੇ ਗ੍ਰਿਹ ਵਿਖੇ। ੨੧ ਅਕਤੂਬਰ ਸ਼ਨੀਵਾਰ ਸਵੇਰੇ ੫ ਵਜੇ ਨੌਵੇਂ ਸ੍ਰੀ ਅਖੰਡਪਾਠ ਦਾ ਭੋਗ, ਦੁਪਹਿਰ ਤਕ ਕੀਰਤਨ ਗੁ: ਪਡਿਆਂ ਵਾਲਾ। ਦਿਨੇ ਅੰਮ੍ਰਿਤ-ਸਿੰਚਾਰ ਸਮਾਗਮ

ਰਾਤ ਨੂੰ ੮ ਵਜੇ ਰੈਣ ਸਬਾਈ ਕੀਰਤਨ ਅਰੰਭ ਤੇ ੨੨ ਐਤਵਾਰ ਨੂੰ ਸਵੇਰੇ ਸਮਾਪਤੀ।

ਨੋਟ :—੨੧ ਅਕਤੂਬਰ ਸ਼ਾਮ ਨੂੰ ਜਲੰਧਰ ਨਵੇਂ ਅਡੇ ਤੋਂ ਟਰਾਲੀ ਅਤੇ ਲੁਧਿਆਣੇ ਸਿੰਘ ਸਭਾ ਮਾਡਲ ਟਾਉਨ ਤੇ ਦਿਆਲਪੁਰ ਲਈ ਟ੍ਰਕ ਚਲੇਗਾ।

ਪ੍ਰਾਰਥਕ ਦਾਸਰਾ—ਮਾਸਟਰ ਗੁਰਬਚਨ ਸਿੰਘ, ਦਿਆਲਪੁਰ (ਕਪੂਰਥਲਾ)



www.AKJ.Org

# "ਅਉਖਧੁ ਹਰਿ ਕਾ ਨਾਮੁ ਹੈ, ਜਿਤੁ ਰੋਗੁ ਨ ਵਿਆਪੈ ॥" (੮੧੪)

## [ਆਪਣੀ ਹੱਡ-ਬੀਤੀ]

[ਵਲੋਂ—ਭਾਈ ਰਾਮ ਸਿੰਘ ਜੀ, ਚੂਨਾ ਮੰਡੀ, ਪਹਾੜ ਗੰਜ, ਨਵੀਂ ਦਿਲੀ]

ਦਾਸ ਨੂੰ ਬਿਮਾਰੀ ਐਸੀ ਚੰਬੜੀ ਕਿ ਜੀਵਨ ਮੌਤ ਦੇ ਜਬਾੜਿਆਂ ਵਿਚ ਤੜਫਦਾ ਨਜ਼ਰ ਆਉਣ ਲਗ ਪਿਆ। ਡਾਕਟਰ, ਵੈਦ, ਸਭ ਆਪੋ ਆਪਣਾ ਜ਼ੋਰ ਲਾ ਬੈਠੇ ਸਨ। ਨਿਰਾਸਤਾ ਬਿਮਾਰੀ ਦੇ ਨਾਲ ਨਾਲ ਹੀ ਵਧਦੀ ਗਈ ਅਤੇ ਉਦਾਸੀ ਸਾਰੇ ਟੱਬਰ ਦੇ ਚਿਹਰੇ ਤੇ ਪੀਲੀ ਚਦਰ ਵਾਂਗੂ ਛਾ ਗਈ। ਬਹੁਤਾ ਦੁਖ ਤਾਂ ਦਾਸ ਨੂੰ ਗੁਰੂ ਘਰ ਦੇ ਵਿਛੋੜੇ ਦਾ ਸੀ। ਦਾਸ ਨੂੰ ਸਾਧ ਸੰਗਤ ਦੀ ਹਾਜ਼ਰੀ ਨਾ ਭਰ ਸਕਣ ਅਤੇ ਮਹਾਰਾਜ ਦਾ ਪਾਠ ਵੀ ਨ ਕਰ ਸਕਣ ਦਾ ਬੜਾ ਦੁਖ ਸੀ।

ਸਭੇ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ
ਲਗੈ ਨ ਤਤੀ ਵਾਉ ॥੧॥

[ਸਿਰੀਰਾਗੁ ਮ: ੫ ਪੰਨਾ ੭੦

ਦਾਸ ਨੇ ੧੫ ਮਾਰਚ ੧੯੭੬ ਨੂੰ ਪਟਨਾ ਸਾਹਿਬ (ਤਖ਼ਤ ਸਾਹਿਬ) ਮਹਾਰਾਜ ਦੀ ਹਜ਼ੂਰੀ ਵਿਚ ਸਿਹਤ ਬਖਸ਼ਣ ਲਈ, ਭਾਈ ਸਾਹਿਬ ਨੂੰ ਚਿਠੀ ਰਾਹੀਂ ਅਰਦਾਸ ਕਰਨ ਦੀ ਬੇਨਤੀ ਕੀਤੀ। ਭਾਵੇਂ ਭਾਈ ਸਾਹਿਬ ਦਾਸ ਤੋਂ ਜਾਣੂ ਨਹੀਂ ਸਨ, ਫਿਰ ਵੀ ਉਨ੍ਹਾਂ ਦੁਖੀਏ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਮਹਾਰਾਜ ਦੀ ਹਜ਼ੂਰੀ ਵਿਚ ਅਰਦਾਸ ਕੀਤੀ। ਇਸ ਪਿਛੋਂ ਮਹਾਰਾਜ ਦੀ ਹੇਠ ਲਿਖੀ ਗੁਪਤ ਖੇਡ ਦਾਸ ਨਾਲ ਵਰਤੀ —

ਰਾਤ ਦੇ ਇਕ ਵਜੇ ਦੇ ਕਰੀਬ ਦਾਸ ਸੁਫਨੇ ਵਿਚ ਕੀ ਵੇਖਦਾ ਹੈ ਕਿ ਇਕ ਵਡਾ ਸਾਰਾ ਤੰਬੂ ਹੈ (੪੦ × ੪੦ ਫੁਟ), ਜਿਹੜਾ ਸਰਦੀ ਹੋਣ ਦੇ ਕਾਰਨ ਚਾਰੇ ਪਾਸਿਓਂ ਬੰਦ ਹੈ, ਅੰਦਰ ਬਾਹਿਰ ਜਾਣ ਲਈ ਇਕੋ ਹੀ ਛੋਟਾ ਜਿਹਾ ਰਸਤਾ ਹੈ। ਮੈਂ ਦਰਵਾਜ਼ੇ ਦੇ ਲਾਗੇ ਹੀ ਖੜਾ ਹਾਂ। ਮੇਰੇ ਸਾਹਮਣੇ ਤੰਬੂ ਅੰਦਰ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੈ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤਾਬਿਆ ਵਿਚ ਸਜੇ ਹਨ। ਨਾਲ ਦੇ ਸਟੇਜ ਤੇ ਤਿੰਨ ਗੁਰਸਿਖ ਖੜੋ ਕੇ ਕੀਰਤਨ ਕਰ ਰਹੇ ਹਨ। ਵਿਚਕਾਰ ਦੇ ਖੜੇ ਸਿੰਘ ਸਾਹਿਬ ਰਬਾਬ ਵਜਾ ਰਹੇ ਹਨ ਅਤੇ ਸਜੇ ਖਬੇ ਦੇ ਸਿੰਘ ਖਾਲੀ ਹੱਥ ਹਨ। ਬੜੇ ਪ੍ਰੇਮ ਅਤੇ ਮਸਤ ਧੁਨ ਵਿਚ ਸ਼ਬਦ ਪੜ੍ਹ ਰਹੇ ਹਨ—

ਗੁਰਿ ਪੂਰੈ ਕਿਰਪਾ ਕਰੀ ਕਾਟਿਆ ਦੁਖੁ ਰੋਗੁ ॥
ਮਨੁ ਤਨੁ ਸੀਤਲੁ ਸੁਖੀ ਭਇਆ
ਪ੍ਰਭ ਧਿਆਵਨ ਜੋਗੁ ॥

[ਬਿਲਾਵਲੁ ਮ: ੫, ਪੰਨਾ ੮੧੪

ਸੰਗਤ ਵਿਚ ਕੋਈ ਦੋ ਸੌ ਦੇ ਕਰੀਬ ਸਿੰਘ ਸਜੇ ਹੋਏ ਸਨ। ਕੋਈ ਵੀ ਸਿੰਘ ਚਰਨ ਕਮਲ ਨਾਲ ਜੁੜੀ ਸੁਰਤੀ ਤੋਂ ਖਾਲੀ ਨਜ਼ਰ ਨਹੀਂ ਆ ਰਿਹਾ ਸੀ। ਦਾੜ੍ਹੇ ਸਭ ਦੇ ਖੁਲ੍ਹੇ ਸਜ ਰਹੇ ਸਨ। ਤੰਬੂ ਦੇ ਬਾਹਿਰ ਇਕ ਪਹਿਰੇਦਾਰ ਸਿੰਘ ਦਰਵਾਜ਼ੇ ਅਗੇ ਖੜੇ ਸਨ ਅਤੇ ਥੋੜੀ ਦੂਰ ਬਹੁਤ ਸਾਰੇ ਘੋੜੇ ਕਿਲਿਆਂ ਨਾਲ ਬਧੇ ਹੋਏ ਸਨ। ਚੰਦਰਮੇ ਨੇ ਪੂਰੇ ਅਸਮਾਨ ਦਾ ਹਾਲੀ ਚੌਥੇ ਹਿੱਸੇ ਦਾ ਹੀ ਸਫ਼ਰ ਮੁਕਾਇਆ ਸੀ। ਰਾਤ ਦੇ ਇਸ ਸੁਹਾਣੇ ਦ੍ਰਿਸ਼ ਵਿਚ ਕੀਰਤਨ ਦੀਆਂ ਧੁੰਨਾਂ ਕਾਲਜੇ ਵਿਚ ਇਕ ਅਜਬ ਠੰਢ ਪਾ ਰਹੀਆਂ ਸਨ।

ਪਹਿਰੇਦਾਰ ਸਿੰਘ ਜੀ ਤੋਂ ਦਾਸ ਨੇ ਤੰਬੂ ਦੇ ਅੰਦਰ ਵਲ ਇਸ਼ਾਰਾ ਕਰ ਕੇ ਹੌਲੀ ਜਹੀ ਪੁਛਿਆ—

"ਇਹ ਸਿੰਘ ਕੌਣ ਹਨ ਜੀ ?"

ਪਹਿਰੇਦਾਰ ਸਿੰਘ ਜੀ ਨੇ ਵੀ ਬੜੀ ਧੀਮੀ ਅਵਾਜ਼



www.AKJ.Org

ਵਿਚ ਉਤਰ ਦਿਤਾ "ਸਤਿਗੁਰ ਸੱਚੇ ਪਾਤਸ਼ਾਹ ਦੀਆਂ ਅਕਾਲੀ ਫੌਜਾਂ ਹਨ। ਪੰਥ ਦੇ ਸੁਧਾਰ ਲਈ ਇਨ੍ਹਾਂ ਸਿੰਘਾਂ ਦੀ ਸੇਵਾ ਲੱਗੀ ਹੈ। ਪ੍ਰਚਾਰਕਾਂ ਅਤੇ ਆਗੂਆਂ ਨੇ ਤਾਂ ਸੰਸਾਰ ਅੰਦਰ ਗੁਰਮਤਿ ਦੀ ਤਸਵੀਰ ਹੀ ਬਦਲ ਦਿਤੀ ਹੈ।"

ਦਾਸ–ਪੰਥ ਤਾਂ ਬਹੁਤ ਕੁਰਾਹੇ ਜਾ ਚੁਕਾ ਹੈ। ਉਹਨੂੰ ਰਾਹੇ ਪਾਣਾ ਕੋਈ ਸੌਖਾ ਕੰਮ ਨਹੀਂ, ਪਰ ਇਹ ਸਿੰਘ ਵੀ ਕਾਫੀ ਉਚੀ ਸੁਰਤੀ ਦੇ ਮਾਲਕ ਪ੍ਰਤੀਤ ਹੁੰਦੇ ਹਨ।"

ਪਹਿਰੇਦਾਰ ਜੀ ਨੇ ਕੋਈ ਉਤਰ ਨ ਦਿਤਾ ਅਤੇ ਨੇਤਰ ਬੰਦ ਕਰ ਕੇ ਕੀਰਤਨ ਦੀ ਧੁੰਨੀ ਵਿਚ ਮਸਤ ਹੋ ਗਏ। ਪਹਿਰੇਦਾਰ ਜੀ ਦੇ ਖੱਬੇ ਪਾਸੇ ਵਲ ਜਿਥੇ ਬਹੁਤ ਸਾਰੇ ਘੋੜੇ ਖੜੇ ਸਨ, ਉਨ੍ਹਾਂ ਵਿਚ ਤਿੰਨ ਚਾਰ ਗੁਰਸਿਖ ਵੀ ਖੜੇ ਸਨ। ਸਭ ਜੁੜੀ ਬਿਰਤੀ ਵਿਚ ਨਜ਼ਰ ਆ ਰਹੇ ਸਨ। ਇਕ ਗੁਰਸਿਖ, ਜੋ ਲਾਗੇ ਹੀ ਖੜੇ ਸਨ, ਉਨ੍ਹਾਂ ਤੋਂ ਪੁਛਿਆ,

"ਭਾਈ ਸਾਹਿਬ, ਗੁਰਦੁਆਰਾ ਕਿਧਰ ਹੈ?"

ਉਤਰ :–ਸੜਕ ਦੇ ਉਪਰ ਦੇ ਪਾਸੇ ਵਲ ਚਲੇ ਜਾਓ, ਲਾਗੇ ਹੀ ਹੈ।

ਦਾਸ ਲੰਗੜਾਂਦਾ ਲੰਗੜਾਂਦਾ ਤੰਬੂ ਦੇ ਨਾਲ ਦੀ ਕੱਚੀ ਸੜਕ ਦੇ ਉਪਰ ਦੇ ਵਲ ਟੁਰ ਪਿਆ। ਸੜਕ ਦੇ ਦੋਵੇਂ ਪਾਸੇ ਚੰਗਾ ਘਣਾ ਜੰਗਲ ਸੀ। ਰਾਤ ਦਾ ਸਮਾਂ ਹੋਣ ਦੇ ਕਾਰਨ ਦਰੱਖ਼ਤਾਂ ਦੇ ਗਾਵਣ ਦੀ ਆਵਾਜ਼ ਸਾਫ ਸੁਣਾਈ ਦੇ ਰਹੀ ਸੀ। ਟੁਰਦਾ ਟੁਰਦਾ ਹਾਲੀਂ ਥੋੜੀ ਦੂਰ ਹੀ ਪੁਜਾ ਸੀ ਕਿ ਕਾਫ਼ੀ ਦੂਰੋਂ ਕਿਸੇ ਘੋੜ-ਸਵਾਰ ਦੇ ਆਉਣ ਦੀ ਆਵਾਜ਼ ਆਈ। ਘੋੜਾ ਬੜੀ ਤੇਜ਼ੀ ਨਾਲ ਦੌੜਦਾ ਹੋਇਆ ਆ ਰਿਹਾ ਸੀ।

ਸੜਕ ਦੇ ਖਬੇ ਪਾਸੇ ਇਕ ਸੁੰਦਰ ਗੁਰਦਵਾਰਾ ਸੀ ਅਤੇ ਦਾਸ ਗੁਰਦਵਾਰੇ ਦੀਆਂ ਸੀੜ੍ਹੀਆਂ ਤੇ ਚੜ੍ਹਨ ਹੀ ਲਗਾ ਸੀ ਕਿ ਅਚਾਨਕ ਦਾਸ ਦੇ ਦੋ ਸਰੀਰ ਹੋ ਗਏ। ਇਕ ਸਰੀਰ ਸੀੜ੍ਹੀਆਂ ਵਿਚ ਖੜਾ ਰਿਹਾ ਸੀ ਅਤੇ ਦੂਸਰਾ ਸੜਕ ਵਲ ਚਲ ਪਿਆ।

ਵੇਖਣ, ਸੁਨਣ, ਬੋਲਣ ਦੀ ਸ਼ਕਤੀ ਕੇਵਲ ਸੀੜ੍ਹੀਆਂ ਵਿਚ ਖੜੇ ਸਰੀਰ ਵਿਚ ਹੀ ਸੀ ਅਤੇ ਸੜਕ ਵਿਚ ਖੜੇ ਸਰੀਰ ਵਿਚ ਨਹੀਂ, ਪਰ ਇਸ ਸਰੀਰ ਦੇ ਸਿਰ ਉਪਰ ਇਕ ਟਾਰਚ ਰਾਹੀਂ ਤੇਜ਼ ਰੌਸ਼ਨੀ ਦੀਆਂ ਕਿਰਨਾਂ ਪੈ ਰਹੀਆਂ ਸਨ। ਇਨ੍ਹਾਂ ਕਿਰਨਾਂ ਦੀ ਰੌਸ਼ਨੀ ਦੇ ਅੰਦਰ ਹੀ ਬੜੀ ਤੇਜ਼ ਬਰਖਾ ਹੋ ਰਹੀ ਸੀ, ਸਰੀਰ ਖ਼ੂਬ ਭਿਜ ਰਿਹਾ ਸੀ। ਰੌਸ਼ਨੀ ਤੋਂ ਬਾਹਰ ਕੋਈ ਬਰਖਾ ਨਹੀਂ ਸੀ।

ਇੰਨੇ ਨੂੰ ਉਹ ਘੋੜ-ਸਵਾਰ ਸੜਕ ਦੇ ਖੱਬੇ ਪਾਸੇ ਇਕ ਨਿੰਮ ਦੇ ਦਰੱਖ਼ਤ ਕੋਲ ਪੁਜ ਚੁਕਾ ਸੀ। ਘੋੜੇ ਤੋਂ ਉਤਰ ਕੇ ਉਨ੍ਹਾਂ ਨੇ ਨਿੰਮ ਦੇ ਦਰੱਖਤ ਥਲੇ ਖੜੇ ਹੋ ਕੇ ਬੜੀ ਜ਼ੋਰ ਨਾਲ 'ਵਾਹਿਗੁਰੂ, ਵਾਹਿਗੁਰੂ' ਦੀ ਉਚੀ ਉਚੀ ਧੁੰਨੀ ਲਾ ਦਿਤੀ। ਦਾਸ ਦਾ ਸੀੜ੍ਹੀਆਂ ਵਿਚ ਖੜਾ ਸਰੀਰ ਵੀ "ਵਾਹਿਗੁਰੂ, ਵਾਹਿਗੁਰੂ" ਕਰਨ ਲਗ ਪਿਆ।

ਇਹ ਘੋੜ-ਸਵਾਰ ਸਿੰਘ ਪਟਨੇ ਵਾਲੇ ਵੀਰ ਜੀ ਸਨ। ਕੋਈ ਦੋ ਘੰਟੇ ਤਕ "ਵਾਹਿਗੁਰੂ' ਸ਼ਬਦ ਦੀ ਧੁੰਨੀ ਲਗੀ ਰਹੀ ਅਤੇ ਸਰੀਰ ਉਪਰ ਅੰਮ੍ਰਿਤ-ਬਰਖਾ ਹੁੰਦੀ ਰਹੀ।

ਦੋ ਘੰਟੇ ਇਹ ਖੇਡ ਹੋਣ ਤੋਂ ਬਾਅਦ ਦੋਵੇਂ ਸਰੀਰ ਇਕ ਸਰੀਰ ਬਣ ਗਏ ਅਤੇ ਭਾਈ ਸਾਹਿਬ ਆਪਣੇ ਘੋੜੇ ਤੇ ਚੜ੍ਹ ਕੇ, ਘੋੜੇ ਨੂੰ ਦੁੜਾ ਕੇ ਜੰਗਲ ਵਲ ਚਲੇ ਗਏ। ਦਾਸ ਨਾਲ ਕੋਈ ਗਲ-ਬਾਤ ਨਹੀਂ ਹੋਈ। ਮੈਨੂੰ ਉਸੇ ਨਿਮ ਦੇ ਦਰੱਖ਼ਤ ਥਲੇ ਇਕ ਹੋਰ ਘੋੜਾ ਖੜਾ ਨਜ਼ਰੀਂ ਆਇਆ। ਮੈਂ ਵੀ ਘੋੜੇ ਤੇ ਚੜ੍ਹ ਕੇ ਉਨ੍ਹਾਂ ਦੇ ਪਿਛੇ ਘੋੜਾ ਦੁੜਾ ਦਿਤਾ। ਭਾਈ ਸਾਹਿਬ ਦੇ ਘੋੜੇ ਦੇ ਪੈਰਾਂ ਦੀ ਅਵਾਜ਼ ਸੁਣਦਾ ਹੋਇਆ ਜੰਗਲ ਵਿਚ ਮੇਰਾ ਘੋੜਾ ਵੀ ਬੜੀ ਤੇਜ਼ੀ ਨਾਲ ਇਨ੍ਹਾਂ ਦੇ ਪਿਛੇ ਨੱਠਾ ਗਿਆ।

ਅਚਾਨਕ ਮੈਂ ਕੀ ਦੇਖਦਾ ਹਾਂ ਕਿ ਭਾਈ ਸਾਹਿਬ ਹਜ਼ੂਰ ਸਾਹਿਬ ਸਚਖੰਡ ਗੁਰਦਵਾਰੇ ਦੇ ਦਰਵਾਜ਼ੇ ਦੀ ਦਲ੍ਹੀਜ਼ ਉਪਰ ਝੁਕ ਕੇ ਮੱਥਾ ਟੇਕ ਰਹੇ ਸਨ। ਅਤੇ ਦਾਸ ਪੌੜੀਆਂ ਚੜ੍ਹ ਰਿਹਾ ਹੈ।



www.AKJ.Org

ਅੰਮ੍ਰਿਤ ਵੇਲੇ ਦਾ ਸਮਾਂ ਹੈ। ਗੁਰਦਵਾਰੇ ਅੰਦਰੋਂ ਕਿਸੇ ਗੁਰਸਿਖ ਦੇ ਸੁਖਮਨੀ ਸਾਹਿਬ ਦੇ ਪਾਠ ਕਰਨ ਦੀ ਅਵਾਜ਼ ਆ ਰਹੀ ਸੀ। ਮੱਥਾ ਟੇਕਣ ਤੋਂ ਬਾਅਦ ਭਾਈ ਸਾਹਿਬ ਅੰਦਰ ਚਲੇ ਗਏ।

ਦਾਸ ਜਦ ਸਚਖੰਡ ਦੇ ਅੰਦਰ ਗਿਆ, ਪ੍ਰਕਰਮਾ ਕੀਤੀ, ਸਾਰਾ ਗੁਰਦਵਾਰਾ ਢੂੰਡ ਲਿਆ, ਪਰ ਭਾਈ ਸਾਹਿਬ ਦੇ ਦਰਸ਼ਨ ਨਾ ਹੋਏ। ਗੁ. ਨਗੀਨਾ ਘਾਟ, ਗੁ: ਬੰਦਾ ਬਹਾਦੁਰ, ਗੁ: ਮਾਤਾ ਸਾਹਿਬ ਕੌਰ ਜੀ, ਸਭ ਅਸਥਾਨ ਛਾਣ ਮਾਰੇ, ਪਰ ਭਾਈ ਸਾਹਿਬ ਦੇ ਦਰਸ਼ਨ ਨਹੀਂ ਹੋਏ। ਮੁੜ ਸਚਖੰਡ ਗੁਰਦਵਾਰੇ ਪੁਜ ਕੇ ਬਾਹਰ ਹੀ ਨਿਸ਼ਾਨ ਸਾਹਿਬ ਕੋਲ ਬੈਠ ਗਿਆ ਅਤੇ ਅਰਦਾਸਾਂ ਕਰਨ ਲੱਗਾ।

ਇੰਨੇ ਨੂੰ ਅੱਖ ਖੁਲ੍ਹ ਗਈ ਤੇ ਦਾਸ ਪਹਾੜ ਗੰਜ ਚਾਰਪਾਈ ਤੇ ਬੈਠਾ ਹੋਇਆ ਸੀ। ਸਰੀਰ ਸਾਰਾ ਪਸੀਨੇ ਨਾਲ ਭਿਜਾ ਪਿਆ ਸੀ। ਸਰਦਾਰਨੀ ਨੇ ਦਸਿਆ ਕਿ ਤੁਸੀਂ ਬੜੀ ਦੇਰ ਦੇ "ਵਾਹਿਗੁਰੂ ਵਾਹਿਗੁਰੂ" ਦਾ ਜਾਪ ਕਰ ਰਹੇ ਹੋ।

ਦੋ ਦਿਨ ਬਾਅਦ ਹੀ ਦਾਸ ਟੁਰਨ ਦੇ ਕਾਬਲ ਹੋ ਗਿਆ ਅਤੇ ਦਫ਼ਤਰ ਡਿਊਟੀ ਤੇ ਪੁਜ ਗਿਆ।

ਉਪਰ ਦਸੀ ਖੇਡ ਮਾਰਚ ੧੯੭੬ ਦੀ ਹੈ ਅਤੇ ਅਕਤੂਬਰ ੧੯੭੬ ਦੇ ਸਾਲਾਨਾ ਸਮਾਗਮ ਦੀ ਰੈਣ ਸਬਾਈ ਵਿਚ ਠੀਕ ਦੋ ਵਜੇ ਸਟੇਜ ਦੇ ਲਾਗੇ ਹੀ ਨੇਤਰ ਬੰਦ ਕਰ ਕੇ ਪ੍ਰੇਮ ਵਿਚ ਬੈਠਾ ਕੀਰਤਨ ਸੁਣ ਰਿਹਾ ਸੀ ਤਾਂ ਮੇਰੇ ਕੰਨਾਂ ਵਿਚ ਮੁੜ ਉਹੀ ਆਵਾਜ਼, ਉਹੀ ਸੁਰ, ਉਹੀ ਮਸਤ ਧੁਨੀ, ਉਸੇ ਸ਼ਬਦ ਦੀ ਸੁਣਾਈ ਦਿਤੀ ਜਿਹੜਾ ਰਾਗੀ ਸਿੰਘਾਂ ਦੇ ਮੁਖ ਤੋਂ ਤੰਬੂ ਅੰਦਰ ਸੁਣਿਆ ਸੀ।

"ਗੁਰਿ ਪੂਰੈ ਕਿਰਪਾ ਕਰੀ ਕਾਟਿਆ ਦੁਖੁ ਰੋਗੁ" ਤਾਂ ਦਾਸ ਨੇ ਸਮਝ ਲਿਆ ਕਿ ਇਹ ਓਹੀ ਰਾਗੀ ਸਿੰਘ ਕੀਰਤਨ ਕਰ ਰਹੇ ਹਨ। ਅੱਖ ਖੋਲ੍ਹ ਕੇ ਤੱਕਿਆ ਤਾਂ ਸਟੇਜ ਤੇ ਬੈਠੇ ਅਖੰਡ ਕੀਰਤਨੀ ਜੱਥੇ ਦੇ ਅਲਬੇਲੇ ਕੀਰਤਨੀਏ ਕੀਰਤਨ ਵਿਚ ਮਸਤੁਲ ਮਸਤ ਹੋ ਰਹੇ ਹਨ।

ਉਪਰ ਦਸੇ ਸੁਫਨੇ ਦੇ ਦੋ ਤਿੰਨ ਦਿਨ ਬਾਅਦ ਮਾਰਚ ੭੬ ਵਿਚ ਦਾਸ ਨੂੰ ਪਟਨਾ ਸਾਹਿਬ ਤੋਂ ਭਾਈ ਸਾਹਿਬ ਜੀ ਦੀ ਚਿਠੀ ਮਿਲੀ, ਜਿਸ ਵਿਚ ਤਕਰੀਬਨ ੨੧੦੦ ਵਾਰੀ ਕੇਵਲ 'ਵਾਹਿਗੁਰੂ, ਵਾਹਿਗੁਰੂ' ਸ਼ਬਦ ਲਿਖਿਆ ਹੋਇਆ ਹੈ। ਹੋਰ ਕੋਈ ਹੁਕਮ ਨਹੀਂ ਲਿਖਿਆ, ਜਿਸ ਤੋਂ ਇਹ ਪਤਾ ਚਲੇ ਕਿ ਇਸ ਅਉਖਧ ਨੂੰ ਕਿਸ ਤਰ੍ਹਾਂ ਖਾਣਾ ਹੈ, ਪਾਠ ਕਰਨਾ ਹੈ ਜਾਂ ਕੁਝ ਹੋਰ। ਇਹ ਦਾਸ ਦੀ ਆਪਣੀ ਕਰਨੀ ਤੇ ਛਡ ਦਿਤਾ ਸੀ। ਇਹੀ ਅਉਖਧ ਸੀ, ਜਿਸ ਨੂੰ ਦਾਸ ਨੇ ਗੁਰੂ-ਹੁਕਮ ਅਨੁਸਾਰ ਖਾਧਾ ਅਤੇ ਭੁੰਚਿਆ।

ਗੁਰੁ ਸਾਗਰੁ ਪੂਰਾ ਭੰਡਾਰ ॥
ਊਤਮ ਰਤਨ ਜਵਾਹਰ ਅਪਾਰ ॥
ਗੁਰ ਪਰਸਾਦੀ ਦੇਵਣਹਾਰੁ ॥
ਨਾਨਕ ਬਖਸੇ ਬਖਸਣਹਾਰ ॥

ਅਤੇ ਬਖਸ਼ਸ਼ਾਂ ਪ੍ਰਾਪਤ ਹੋਈਆਂ ਅਤੇ ੧੯੭੭ ਵਿਚ ਪੰਜ ਭੂਤਕ ਸਰੀਰ ਨਾਲ ਪਹਿਲੀ ਵਾਰੀ ਹਜ਼ੂਰ ਸਾਹਿਬ ਹਾਜ਼ਰੀ ਭਰੀ। ਤਾਂ ਸਮਝ ਪਈ ਕਿ ਇਹ ਉਹ ਹੀ ਗੁਰਦਵਾਰੇ ਹਨ ਜਿਥੇ ਭਾਈ ਸਾਹਿਬ ਨਾਲ ਲਿਆਏ ਸਨ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ॥

---

## 'ਸੂਰਾ' ਪੱਤਰ ਦੇ ਪਾਠਕ ਸਜਣੋ—

(੧) ਕਈ ਵੀਰ ਰੋਹ ਵਿਚ ਲਿਖਦੇ ਹਨ ਕਿ ਅਸੀਂ ਉਨ੍ਹਾਂ ਦਾ ਪਰਚਾ ਡਾਕ ਵਿਚ ਪਾਉਣਾ ਭੁਲ ਗਏ ਹਾਂ। ਇਹ ਗੱਲ ਠੀਕ ਨਹੀਂ। ਅਸੀਂ ਸਭ ਪਾਠਕਾਂ ਦੇ ਐਡਰੈਸ ਹਰ ਮਹੀਨੇ ਰਜਿਸਟਰ ਨਾਲ ਬਾਕਾਇਦਾ ਚੈਕ ਕਰ ਕੇ ਇਕੱਠੇ ਹੀ ਇਕੋ ਦਿਨ ਡਾਕ ਵਿਚ ਪਾਉਂਦੇ ਹਾਂ। ਕਾਫ਼ੀ ਪਰਚੇ ਡਾਕ ਵਿਚ ਚੋਰੀ ਹੋ ਜਾਂਦੇ ਹਨ। ਜਿਨ੍ਹਾਂ ਪਾਠਕਾਂ ਵਲੋਂ ਪਰਚਾ ਨਾ ਪੁਜਣ ਦੀ ਇਤਲਾਹ ਸਮੇਂ ਸਿਰ ਮਿਲ ਜਾਂਦੀ ਹੈ, ਉਨ੍ਹਾਂ ਨੂੰ ਦੁਬਾਰਾ ਪਰਚਾ ਭੇਜ ਦਿਤਾ ਜਾਂਦਾ ਹੈ। ਇਸ ਚੋਰੀ ਨੂੰ ਰੋਕਣ ਦਾ ਸਾਡੇ ਪਾਸ ਕੋਈ ਚਾਰਾ ਨਹੀਂ।

(੨) ਰਕਮ ਭੇਜਣ ਸਮੇਂ ਮਨੀਆਰਡਰ ਦੇ ਹੇਠਲੇ ਕੂਪਨ ਤੇ ਆਪਣਾ ਪੂਰਾ ਤੇ ਸਾਫ਼ ਸਾਫ਼ ਸਰਨਾਵਾਂ ਤੇ ਚਿਟ ਨੰਬਰ ਜ਼ਰੂਰ ਲਿਖੋ। ਅਸੀਂ ਹਰ ਪਰਚੇ ਤੇ ਐਡਰੈਸ ਦੇ ਪਹਿਲਾਂ ਚਿਟ ਨੰਬਰ ਲਿਖ ਕੇ ਤੁਹਾਨੂੰ ਭੇਜਦੇ ਹਾਂ।

www.AKJ.Org

# ਰੰਗ-ਰਤੜਾ ਸ਼ਹੀਦ ਭਾਈ ਪਿਆਰਾ ਸਿੰਘ ਜੀ ਭੁੰਗਰਨੀ

[ਵਲੋਂ—ਭਾਈ ਗੁਰਚਰਨਜੀਤ ਸਿੰਘ ਜੀ, ਕਾਨਪੁਰ]

ਇਸ ਆਲੇ ਭੋਲੇ "ਜਿਨੁ ਪਟੁ ਅੰਦਰਿ ਬਾਹਰਿ ਗੁਦੜੁ" ਮੌਜੀ ਜੀਊੜੇ ਦੇ ਜੀਵਨ ਤੋਂ ਪ੍ਰਭਾਵਤ ਹੋਏ ਫ਼ੌਜੀ ਸਾਥੀਆਂ ਨੇ, ਜੀਵਨ-ਘਟਨਾਵਾਂ ਦੇ ਕਈ ਲੇਖ ਪਹਿਲਾਂ ਵੀ ਲਿਖ ਕੇ ਭੇਜੇ ਹਨ, ਜਿਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ "ਸ਼ਹੀਦੀ ਜੀਵਨ" ਪੁਸਤਕ ਵਿਚ ਸ਼ਾਮਲ ਕਰ ਦਿਤਾ ਗਿਆ ਹੋਇਆ ਹੈ। ਪਰ ਇਹ ਸੰਪੂਰਨ ਲੇਖ ਉਸ ਪੁਸਤਕ ਵਿਚ ਵਧਾਉਣ ਦੀ ਥਾਂ ਇਸ ਪਰਚੇ ਵਿਚ ਹੀ ਦੇਣਾ ਉਚਿਤ ਸਮਝ ਕੇ ਛਾਪ ਰਹੇ ਹਾਂ। — ਸੰਪਾਦਕ

ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ
ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥੧੭॥

[ਬਿਹਾਗੜੇ ਕੀ ਵਾਰ, ਪੰਨਾ ੫੫੫

ਪੰਦਰ੍ਹਾਂ ਅਪ੍ਰੈਲ ੧੯੭੮ ਦਿਨ ਐਤਵਾਰ ਦੀ ਸ਼ਾਮ ਦੇ ਕਰੀਬ ਸਤ ਵਜੇ ਭਾਈ ਅਮਰਜੀਤ ਸਿੰਘ ਜੀ ਸਾਡੇ ਘਰ ਪਹੁੰਚੇ। ਉਹਨਾਂ ਦੇ ਹਥ ਵਿਚ ਅਕਾਲੀ ਪਤ੍ਰਕਾ ਸੀ। ਉਹ ਦਾਸ ਨੂੰ ਦੂਰੋਂ ਹੀ ਜ਼ੋਰ ਜ਼ੋਰ ਦੀ ਕਹਿਣ ਲਗ ਪਏ ਕਿ ਭਾਈ ਪਿਆਰਾਸਿੰਘ ਜੀ ਭੁੰਗਰਨੀ ਵਾਲੇ, ਅੰਮ੍ਰਿਤਸਰ ੧੩ ਅਪ੍ਰੈਲ ਦੇ ਸਾਕੇ ਵਿਚ ਸ਼ਹੀਦ ਹੋ ਗਏ ਹਨ ਅਤੇ ਨਾਲ ਹੀ ਉਹਨਾਂ ਨੇ ਭਾਈ ਫੌਜਾ ਸਿੰਘ ਹੋਰਾਂ ਦਾ ਨਾਂ ਵੀ ਸ਼ਹੀਦਾਂ ਵਿਚ ਦਸਿਆ। ਇਹ ਸੁਣ ਕੇ ਦਾਸ ਉਤੇ ਤਾਂ ਜਿਸ ਤਰ੍ਹਾਂ ਕੋਈ ਬਿਜਲੀ ਕੜਕ ਪਈ ਹੋਵੇ ਅਤੇ ਅਵਾਕ ਹੀ ਰਹਿ ਗਿਆ। ਉਸ ਤੋਂ ਬਾਅਦ ਸਾਨੂੰ ਕੋਈ ਪਤਾ ਨਹੀਂ ਕਿ ਭਾਈ ਅਮਰਜੀਤ ਸਿੰਘ ਹੋਰੀਂ ਕਿਤਨੀ ਦੇਰ ਰੁਕੇ ਅਤੇ ਕਦੋਂ ਗਏ। ਅਸਾਂ ਸ਼ਾਇਦ ਜਾਣ ਵੇਲੇ ਉਨ੍ਹਾਂ ਨੂੰ ਫਤਿਹ ਵੀ ਨਹੀਂ ਬੁਲਾਈ।

ਭਾਈ ਪਿਆਰਾ ਸਿੰਘ ਹੋਰਾਂ ਨਾਲ ਸਾਡੀ ਪਹਿਲੀ ਮਿਲਣੀ ਦਿਲੀ ਦੁਸਹਿਰੇ ਦੇ ਸਮਾਗਮ ੧੯੭੬ ਨੂੰ ਹੋਈ। ਮਿਲਣ ਸਾਰ ਹੀ ਪ੍ਰੇਮ ਦੀਆਂ ਗੰਢਾਂ ਇਤਨੀਆਂ ਪੀਡੀਆਂ ਪੈ ਗਈਆਂ ਕਿ ਜਿਵੇਂ ਅਸੀਂ ਉਨ੍ਹਾਂ ਦੇ ਬਹੁਤ ਪਹਿਲੇ ਤੋਂ ਹੀ ਜਾਣੂ ਹੁੰਦੇ ਹਾਂ। ਉਹਨਾਂ ਦੇ ਸੰਗੀਆਂ ਸਾਥੀਆਂ ਪਾਸੋਂ ਉਹਨਾਂ ਬਾਰੇ ਜੋ ਕੁਝ ਵੀ ਸੁਣਿਆ ਸੀ, ਦੇਖਣ ਵਿਚ ਉਸ ਤੋਂ ਵੀ ਵਧ ਆਇਆ।

ਉਹਨਾਂ ਦੇ ਸੰਗੀ ਸਾਥੀ ਜੋ ਉਹਨਾਂ ਨਾਲ ਮਦਰਾਸ ਇਕੱਠੇ ਰਹੇ ਸਨ, ਦਸਦੇ ਹਨ ਕਿ ਭਾਈ ਸਾਹਿਬ ਨੇ ਰਾਤ ਦੇ ਇਕ ਵਜੇ ਇਸ਼ਨਾਨ ਕਰ ਕੇ ਦੂਰ ਹਵਾਈ ਅੱਡੇ ਦੇ ਕਿਨਾਰੇ ਇਕਾਂਤ ਵਿਚ ਬੈਠ ਕੇ ਨਾਮ-ਅਭਿਆਸ ਕਰਨਾ ਅਤੇ ਸਵੇਰ ਹੋਣ ਤਕ ਨਿਤਨੇਮ, ਸੁਖਮਨੀ ਸਾਹਿਬ ਸਹਿਤ ਪੂਰੇ ਕਰਨੇ ਅਤੇ ਦਿਨ ਚੜ੍ਹੇ ਵਾਪਸ ਆ ਜਾਣਾ। ਇਕ ਦਿਨ ਦੀ ਗੱਲ ਹੈ ਕਿ ਭਾਈ ਸਾਹਿਬ ਨੂੰ ਨੇਮ ਅਨੁਸਾਰ ਇਕ ਵਜੇ ਇਸ਼ਨਾਨ ਕਰਨ ਜਾਂਦਿਆਂ, ਇਕ ਏਅਰ-ਫ਼ੋਰਸ ਪੋਲੀਸ-ਕਰਮਚਾਰੀ ਨੇ ਰੋਕ ਲਿਆ ਅਤੇ ਪੁਛਿਆ ਕਿ ਤੁਸੀਂ ਇਸ ਵਕਤ ਕਿਥੇ ਜਾ ਰਹੇ ਹੋ। ਭਾਈ ਪਿਆਰਾ ਸਿੰਘ ਜੀ ਨੇ ਉਤਰ ਦਿਤਾ ਕਿ ਇਸ਼ਨਾਨ ਕਰਨ ਵਾਸਤੇ ਜਾ ਰਹੇ ਹਾਂ। ਪੋਲੀਸ ਕਰਮਚਾਰੀ ਨੇ ਹੈਰਾਨੀ ਵਿਚ ਪੁਛਿਆ ਕਿ ਇਹ ਕਿਹੜਾ ਇਸ਼ਨਾਨ ਕਰਨ ਦਾ ਵਕਤ ਹੈ। ਉਨ੍ਹਾਂ ਨੇ ਕਿਹਾ, ਸਾਡਾ ਇਹੋ ਹੀ ਇਸ਼ਨਾਨ ਕਰਨ ਦਾ ਸਮਾਂ ਹੈ। ਉਹਨਾਂ ਦੇ ਸੰਗੀ ਸਾਥੀ ਭਾਈ ਸੁਖਦੇਵਸਿੰਘ ਜੀ ਨੇ ਦਸਿਆ ਕਿ ਭਾਈ ਸਾਹਿਬ ਹਮੇਸ਼ਾ ਹੀ ਨਾਮ ਜਪਦੇ ਰਹਿੰਦੇ ਸਨ। ਬੈਠੇ ਖਲੋਤੇ ਤੁਰਦੇ ਫਿਰਦੇ ਨਾਮ ਅਭਿਆਸ ਕਰਦੇ ਰਹਿੰਦੇ ਸਨ। ਇਥੋਂ ਤਕ ਉਹਨਾਂ ਦੇ ਲਾਗੇ ਰਹਿਣ ਵਾਲੇ ਬੰਗਾਲੀ, ਮਦਰਾਸੀਆਂ ਨੇ ਸੁਖਦੇਵ ਸਿੰਘ ਹੋਰਾਂ ਨੂੰ ਕਿਹਾ ਕਿ



www.AKJ.Org

ਇਹਨਾਂ ਨੂੰ ਤਾਂ ਸਾਹ ਦੀ ਬੀਮਾਰੀ ਹੈ। ਸੁਖਦੇਵ ਸਿੰਘ ਹੋਰਾਂ ਨੇ ਹਸਦਿਆਂ ਹਸਦਿਆਂ ਉਤਰ ਦਿਤਾ ਕਿ ਹੈ ਤਾਂ ਸਾਨੂੰ ਵੀ, ਪਰ ਇਹਨਾਂ ਨੂੰ ਕੁਝ ਜ਼ਿਆਦਾ ਹੀ ਹੈ। ਚਲਦਿਆਂ ਚਲਦਿਆਂ ਨਾਮ ਜਪਣ ਦੀ ਵਿਧੀ ਅਸਾਂ ਉਹਨਾਂ ਦੀ ਸੰਗਤ ਕਰ ਕੇ ਸਿਖੀ। ਉਹਨਾਂ ਸਾਨੂੰ ਇਕ ਵਾਰੀ ਕਿਹਾ ਕਿ ਪੁਰਾਤਨ ਸਿੰਘ ਘੋੜਿਆਂ ਦੀਆਂ ਟਾਪਾਂ ਨਾਲ ਨਾਮ ਜਪਦੇ ਹੋਏ ਕਈ ਕੋਹਾਂ ਦਾ ਪੈਂਡਾ ਤਹਿ ਕਰ ਲੈਂਦੇ ਸਨ।

ਇਤਨਾ ਕੁਝ ਹੁੰਦਿਆਂ ਹੋਇਆਂ ਉਹਨਾਂ ਵਿਚ ਨਿਰਮਾਣਤਾ ਇਤਨੀ ਸੀ ਜਿਸ ਦਾ ਵਰਨਣ ਕਰਨਾ ਸਾਡੀ ਕਲਮ ਦੇ ਵਸ ਨਹੀਂ ਹੈ। ਅਸਾਂ ਇਤਨੀ ਨਿਰਮਾਣਤਾ ਵਾਲੇ ਸਿੰਘ ਦੇ ਦਰਸ਼ਨ ਇਸ ਤੋਂ ਪਹਿਲਾਂ ਨਹੀਂ ਕੀਤੇ। ਮਿਲਣਾ ਇਤਨੇ ਪਿਆਰ ਨਾਲ ਕਿ ਕਿੰਨੀ ਦੇਰ ਤਕ ਗਲਵਕੜੀਆਂ ਪਾ ਕੇ ਨਾਮ ਅਭਿਆਸ ਕਰਦੇ ਰਹਿਣਾ। ਜੇ ਦੂਸਰਾ ਸਿੰਘ ਹਟਣ ਦੀ ਕੋਸ਼ਿਸ਼ ਕਰੇ ਤਾਂ ਉਸ ਨੂੰ ਛਡਣਾ ਹੀ ਨਾ। ਸੱਚੇ ਪਾਤਸ਼ਾਹ ਦੇ ਸਨਮੁਖ ਦਰਸ਼ਨ ਕਰਨ ਗਏ ਅੱਧਾ ਅੱਧਾ ਘੰਟਾ ਜੋਦੜੀ ਕਰਦੇ ਰਹਿਣਾ। ਬੈਠਣਾ ਵੀ ਤਾਂ ਆਮ ਸਿੰਘਾਂ ਵਾਂਗ ਨਹੀਂ ਕਿ ਦੌੜ ਕੇ ਅਗੇ ਬੈਠਣ ਦੀ ਕੋਸ਼ਿਸ਼ ਕਰਨੀ। ਸਗੋਂ ਜਿਥੇ ਵੀ ਥਾਂ ਮਿਲੀ ਉਥੇ ਹੀ ਬੈਠ ਜਾਂਦੇ ਅਤੇ ਅੰਮ੍ਰਿਤ ਕੀਰਤਨ ਦੇ ਭੋਜਨ ਰਜ ਰਜ ਕੇ ਭੁੰਚਣੇ। ਕੀਰਤਨ ਸਮਾਗਮਾਂ ਵਿਚ ਉਹ ਬਹੁਤ ਹੀ ਬਿਹਬਲ ਦਸ਼ਾ ਵਿਚ ਵਿਚਰਦੇ ਰਹੇ। ਉਨ੍ਹਾਂ ਦੇ ਚਿਹਰੇ ਦਾ ਜਲਾਲ ਝਲਿਆ ਨਹੀਂ ਸੀ ਜਾਂਦਾ ਅਤੇ ਮਨ ਕਰਦਾ ਕਿ ਉਹਨਾਂ ਦੇ ਕੀਰਤਨ ਵਿਚ ਦਰਸ਼ਨ ਕਰਦੇ ਹੀ ਰਹੀਏ। ਇਸੇ ਲਈ ਸਾਡੀ ਕੋਸ਼ਿਸ਼ ਇਹੋ ਹੁੰਦੀ ਕਿ ਕੀਰਤਨ ਵਿਚ ਉਹਨਾਂ ਦੇ ਲਾਗੇ ਬੈਠੀਏ। ਭਾਈ ਸਾਹਿਬ ਬੈਠਦੇ ਵੀ ਐਸੀ ਥਾਂ ਸਨ ਕਿ ਹਰੇਕ ਸਿੰਘ ਉਹਨਾਂ ਨੂੰ ਦੇਖ ਨਹੀਂ ਸੀ ਸਕਦਾ।

ਭਾਈ ਪਿਆਰਾ ਸਿੰਘ ਹੋਰੀ ਕਿਸੇ ਸੇਵਾ ਵਿਚ ਪਿਛੇ ਨਹੀਂ ਰਹਿੰਦੇ ਸਨ, ਪਰ ਗੁਪਤੋ ਗੁਪਤ ਰੂਪ ਵਿਚ ਹੀ ਵਿਚਰਦੇ, ਇਸੇ ਲਈ ਉਹਨਾਂ ਨੂੰ ਅਖੰਡ ਕੀਰਤਨੀ ਜਥੇ ਦੇ ਥੋੜੇ ਹੀ ਸਿੰਘ ਜਾਣਦੇ ਹੋਣਗੇ। ਕੀਰਤਨ ਤੋਂ ਬਾਅਦ ਲੰਗਰ ਛਕ ਕੇ ਅਸੀਂ ਤਾਂ ਅਰਾਮ ਕਰਨ ਚਲੇ ਜਾਂਦੇ, ਪਰ ਭਾਈ ਪਿਆਰਾ ਸਿੰਘ ਜੀ ਉਸ ਵੇਲੇ ਲੰਗਰ ਦੀ ਸੇਵਾ ਵਿਚ ਜੁਟੇ ਹੁੰਦੇ ਅਤੇ ਲੰਗਰ ਦੀ ਸਮਾਪਤੀ ਤੋਂ ਬਾਅਦ ਕਰੀਬ ਚਾਰ ਕੁ ਵਜੇ ਫਿਰ ਆ ਸਾਨੂੰ ਜਗਾਉਂਦੇ। ਇਸ਼ਨਾਨ ਕਰ ਕੇ ਫਿਰ ਸ਼ਾਮ ਦੇ ਕੀਰਤਨ ਦੀ ਤਿਆਰੀ। ਸਭ ਸਿੰਘ ਹੈਰਾਨ ਰਹਿੰਦੇ ਸਨ ਕਿ ਨਾ ਇਹਨਾਂ ਪਾਸ ਆਲਸ ਹੈ, ਨਾ ਥਕਾਵਟ। ਅਤੇ ਨਾ ਹੀ ਇਨ੍ਹਾਂ ਨੂੰ ਨੀਂਦ ਆਉਂਦੀ ਹੈ। ਇਹ ਕਿਸ ਮਿੱਟੀ ਦੇ ਬਣੇ ਹੋਏ ਹਨ! ਕੀਰਤਨੀਆਂ ਦੇ ਪਿਛੇ ਜਦੋਂ ਬੋਲਦੇ ਸਨ ਤਾਂ ਬਹੁਤ ਹੀ ਉਚੀ ਅਵਾਜ਼ ਵਿਚ। ਗੁਰਬਾਣੀ ਦੇ ਅਨੇਕਾਂ ਹੀ ਸ਼ਬਦ ਉਹਨਾਂ ਨੂੰ ਕੰਠਾਗਰ ਸਨ। ਬਾਣੀਆਂ ਜਪੁ ਸਾਹਿਬ, ਸ਼ਬਦ ਹਜ਼ਾਰੇ, ਜਾਪ ਸਾਹਿਬ, ਸ਼ਬਦ ਪਾਤਿਸ਼ਾਹੀ ੧੦, ਸਵੈਯੇ ਪਾਤਸ਼ਾਹੀ ੧੦, ਸਵੈਯੇ (ਦੀਨਨ ਕੀ ਪ੍ਰਤਿਪਾਲ), ਅਨੰਦ ਸਾਹਿਬ, ਬਾਰਾਂ-ਮਾਂਹ, ਰਹਿਰਾਸ ਸਾਹਿਬ, ਸੁਖਮਨੀ ਸਾਹਿਬ, ਆਸਾ ਦੀ ਵਾਰ, ਰਾਮਕਲੀ ਕੀ ਵਾਰ ਅਤੇ ਹੋਰ ਬੇਅੰਤ ਗੁਰਬਾਣੀ ਉਹਨਾਂ ਨੂੰ ਜ਼ਬਾਨੀ ਯਾਦ ਸੀ।

ਭਾਈ ਦਿਦਾਰ ਸਿੰਘ ਹੋਰਾਂ ਦੇ ਪਿੰਡ (ਘਰ) ਅਖੰਡ ਪਾਠ ਸਾਹਿਬ ਅਰੰਭ ਹੋਏ। ਆਪ ਜੀ ਵੀ ਆਪਣੇ ਸੰਗੀਆਂ ਸਾਥੀਆਂ ਸਮੇਤ ਉਥੇ ਪਹੁੰਚੇ ਹੋਏ ਸਨ। ਰਾਤੀ ੧੦ ਤੋਂ ੧੨ ਤਕ ਆਪ ਜੀ ਨੇ ਪਾਠ ਦੀ ਸੇਵਾ ਕੀਤੀ। ਜਦ ਆਪ ਜੀ ਸੇਵਾ ਤੋਂ ਉਠੇ ਤਾਂ ਕਿੰਨੀ ਦੇਰ ਤਕ ਖੜੇ ਹੋ ਕੇ ਜੋਦੜੀ ਕਰਦੇ ਰਹੇ। ਭਾਈ ਦੀਦਾਰ ਸਿੰਘ ਜੀ ਉਹਨਾਂ ਨੂੰ ਅੰਦਰ ਜੋਦੜੀ ਕਰਦਿਆਂ ਛਡ ਕੇ ਆਪ ਬਾਹਰ ਆਏ ਤਾਂ ਇਕਾ-ਇਕ ਆਪ ਜੀ ਦਾ ਧਿਆਨ ਸਾਹਮਣੇ ਬਾਹਰ ਦੂਰ ਖੂਹੀ ਵਲ ਖਿਚਿਆ ਗਿਆ। ਉਧਰੋਂ ਬੜੇ ਜ਼ੋਰ ਜ਼ੋਰ ਦੀ ਨਾਮ ਅਭਿਆਸ ਕਰਦੇ ਸਿੰਘ ਦੀ ਅਵਾਜ਼ ਆ ਰਹੀ ਸੀ। ਉਹਨਾਂ ਨੇ ਸਾਰਿਆਂ ਸਿੰਘਾ ਨੂੰ ਦੇਖਿਆ, ਪਰ ਸਭ ਅਰਾਮ ਕਰ ਰਹੇ ਸਨ। ਇਕ ਸਿੰਘ ਨੂੰ ਜਗਾਇਆ ਅਤੇ ਵਿਚਾਰ ਕਰਨ ਲਗੇ ਕਿ ਇਹ ਕਿਹੜਾ ਸਿੰਘ ਹੈ ? ਉਨ੍ਹਾਂ ਅਵਾਜ਼ ਪਛਾਣੀ ਤਾਂ



www.AKJ.Org

ਕਹਿਣ ਲਗੇ ਕਿ ਅਵਾਜ਼ ਤਾਂ ਪਿਆਰਾ ਸਿੰਘ ਹੋਰਾਂ ਦੀ ਲਗਦੀ ਹੈ। ਦੀਦਾਰ ਸਿੰਘ ਹੋਰਾਂ ਨੇ ਕਿਹਾ ਕਿ ਉਹ ਤਾਂ ਅੰਦਰ ਜੋਦੜੀ ਕਰ ਰਹੇ ਹਨ। ਇੰਨਾ ਕਹਿ ਕੇ ਆਪ ਜੀ ਦੋਬਾਰਾ ਉਹਨਾਂ ਨੂੰ ਦੇਖਣ ਅੰਦਰ ਗਏ ਤਾਂ ਭਾਈ ਪਿਆਰਾ ਸਿੰਘ ਹੋਰੀਂ ਅੰਦਰ ਨਹੀਂ ਸਨ। ਸੱਚੇ ਪਾਤਸ਼ਾਹ ਆਪ ਹੀ ਜਾਨਣ, ਇਹ ਕੀ ਕੌਤਕ ਵਰਤਿਆ।

ਭਾਈ ਪਿਆਰਾ ਸਿੰਘ ਹੋਰੀਂ ਤਿਆਗੀ ਇਤਨੇ ਸਨ ਕਿ ਦੁਸਹਿਰੇ ੧੯੭੭ ਦੇ ਦਿਲੀ ਸਮਾਗਮ ਤੇ ਬਾਬਾ ਸੁਰੈਣ ਸਿੰਘ ਜੀ ਪਾਸੋਂ ਆਪ ਜੀ ਨੇ ਇਕ ਗਾਤਰੇ ਦੀ ਕਿਰਪਾਨ ਲਈ। ਉਹਨਾਂ ਨੂੰ ਉਸ ਦੀ ਕੀਮਤ ਪੁਛੀ ਤਾਂ ਉਹਨਾਂ ੧੦੦ ਰੁਪਿਆ ਦਸਿਆ। ਪਿਆਰਾ ਸਿੰਘ ਹੋਰਾਂ ਪਾਸ ਉਸ ਵੇਲੇ ਇੰਨੀ ਮਾਇਆ ਨਹੀਂ ਸੀ। ਉਹਨਾ ਨੇ ਬੇਨਤੀ ਕੀਤੀ ਕਿ ਅਸੀਂ ਮਾਇਆ ਆਪ ਜੀ ਨੂੰ ਭੇਜ ਦਿਆਂਗੇ। ਅਸਾਂ ਵੀ ਬੜਾ ਮਹਿਸੂਸ ਕੀਤਾ ਕਿ ਕੀਮਤ ਜ਼ਿਆਦਾ ਹੈ, ਪਰ ਫਿਰ ਵੀ ਮਸ਼ਟ ਹੀ ਰਿਹਾ। ਜਦ ਕਮਰੇ ਵਿਚ ਆਏ ਤਾਂ ਭਾਈ ਰਣਧੀਰ ਸਿੰਘ (ਜਿਨ੍ਹਾਂ ਨੂੰ ਆਮ ਸਿੰਘ ਪਹਿਲੇ ਨਾਮ ਦਲਵਿੰਦਰ ਸਿੰਘ ਨਾਲ ਹੀ ਜਾਣਦੇ ਹਨ) ਨੂੰ ਦਸਿਆ ਅਤੇ ਕ੍ਰਿਪਾਨ ਦੇ ਦਰਸ਼ਨ ਵੀ ਕਰਾਏ। ਜਦ ਉਹਨਾਂ ਕੀਮਤ ਪੁਛੀ ਤਾਂ ਭਾਈ ਪਿਆਰਾ ਸਿੰਘ ਹੋਰਾਂ ਨੇ ਕਿਹਾ ਕਿ ੧੦੦ ਰੁਪਿਆ। ਉਹ ਗੁਸੇ ਨਾਲ ਆਪੇ ਤੋਂ ਬਾਹਰ ਹੋ ਉਠੇ। ਪਰ ਭਾਈ ਪਿਆਰਾ ਸਿੰਘ ਹੋਰਾਂ ਨੇ ਬੜੀ ਨਿੰਮਰਤਾ ਨਾਲ ਜਵਾਬ ਦਿਤਾ ਕਿ ਵੀਰ ਜੀ, ਸ਼ਸਤਰ ਦੀ ਵੀ ਕੋਈ ਕੀਮਤ ਹੈ। ਇਹ ਸੁਣ ਕੇ ਭਾਈ ਰਣਧੀਰ ਸਿੰਘ ਹੋਰਾਂ ਦਾ ਸਾਰਾ ਗੁਸਾ ਠੰਡਾ ਹੋ ਗਿਆ।

ਉਹਨਾਂ ਦੇ ਤਿਆਗ ਦੀਆਂ ਉਦਾਹਰਣਾਂ ਤਾਂ ਬਹੁਤ ਹਨ, ਪਰ ਇਕ ਦੋ ਅਸੀਂ ਲਿਖਣੀਆਂ ਜ਼ਰੂਰੀ ਸਮਝਦੇ ਹਾਂ। ਇਕ ਵਾਰੀ ਜਦੋਂ ਉਹ ਮਦਰਾਸ ਸਨ, ਉਹਨਾਂ ਨੂੰ ਚਿਠੀ ਮਿਲੀ ਕਿ ਆਪ ਦੇ ਪਿੰਡ ਭੁੰਗਰਨੀ ਰੈਣ ਸਬਾਈ ਹੈ, ਜ਼ਰੂਰੀ ਪਹੁੰਚੋ। ਇਤਨਾ ਸਮਾਂ ਹੀ ਨਹੀਂ ਸੀ ਕਿ ਆਪ ਪੁਜ ਸਕਣ, ਕਿਉਂਕਿ ਮਦਰਾਸ ਤੋਂ ਤਿੰਨ ਦਿਨ ਦਾ ਗਡੀ ਦਾ ਸਫਰ ਸੀ। ਰੈਣ ਸਬਾਈ ਵਿਚ ਦੋ ਦਿਨ ਹੀ ਬਾਕੀ ਸਨ। ਆਪ ਸ਼ਨੀਵਾਰ ਡਿਊਟੀ ਕਰ ਕੇ, ਬਗੈਰ ਛੁਟੀ ਲਏ ਹਵਾਈ ਜਹਾਜ਼ ਤੇ ਆਦਮਪੁਰ ਪਹੁੰਚੇ ਅਤੇ ਰੈਣ ਸਬਾਈ ਦੀ ਹਾਜ਼ਰੀ ਭਰ ਕੇ ਐਤਵਾਰ ਫਿਰ ਮਦਰਾਸ ਜਾ ਪਹੁੰਚੇ। ਸਾਨੂੰ ਪੂਰਾ ਪਤਾ ਨਹੀਂ ਕਿ ਕਿੰਨਾ ਕਰਾਇਆ ਲਗਦਾ ਹੈ ਪਰ ਅੰਦਾਜ਼ਨ ਸਤ ਅਠ ਸੌ ਰੁਪਏ ਤੋਂ ਘਟ ਨਹੀਂ ਹੋਵੇਗਾ।

ਇਕ ਵਾਰੀ ਮਦਰਾਸ ਆਪ ਹਵਾਈ ਜਹਾਜ਼ (ਹੈਲੀ ਕਾਪਟਰ) ਤੇ ਕੰਮ ਕਰ ਰਹੇ ਸਨ। ਹਥੌੜੀ ਦੀ ਚੋਟ ਮਾਰਨ ਦੇ ਨਾਲ ਨਾਲ ਅਭਿਆਸ ਵੀ ਕਰ ਰਹੇ ਸਨ। ਭਾਣਾ ਐਸਾ ਵਰਤਿਆ ਕਿ ਅਚਾਨਕ ਹੀ ਭਾਈ ਸਾਹਿਬ ਜਹਾਜ਼ ਤੋਂ ਥਲੇ ਡਿਗ ਪਏ। ਬਾਰ੍ਹਾਂ ਤੇਰ੍ਹਾਂ ਫੁਟ ਦੀ ਉਚਾਈ, ਥਲੇ ਪੱਕਾ ਫਰਸ਼ ਅਤੇ ਡਿਗੇ ਵੀ ਮੂੰਹ ਦੇ ਪਰਨੇ। ਉਹਨਾਂ ਨੂੰ ਡਿਗਦਿਆਂ ਦੇਖ ਕੇ ਦੂਰ ਨੇੜੇ ਖੜੇ ਆਦਮੀ ਉਹਨਾਂ ਵਲ ਦੌੜ ਪਏ। ਭਾਈ ਸੁਖਦੇਵ ਸਿੰਘ ਹੋਰਾਂ ਦੇ ਕਥਨ ਅਨੁਸਾਰ ਜਦੋਂ ਸਭ ਆਦਮੀ ਉਹਨਾਂ ਦੇ ਪਾਸ ਪਹੁੰਚੇ ਤਾਂ ਭਾਈ ਸਾਹਿਬ 'ਵਾਹਿਗੁਰੂ' 'ਵਾਹਿਗੁਰੂ' ਕਰਦੇ ਉਠ ਕੇ ਆਪਣੇ ਕਪੜੇ ਝਾੜ ਰਹੇ ਸਨ ਅਤੇ ਉਹਨਾਂ ਨੂੰ ਆਂਚ ਨਾ ਆਈ। ਇਹ ਦੇਖ ਕੇ ਸਭ ਹੈਰਾਨ ਸਨ ਕਿ ਇਤਨੀ ਉਚਾਈ ਤੋਂ ਡਿਗੇ ਅਤੇ ਕੋਈ ਥੋੜੀ ਸਟ ਵੀ ਨਾ ਲਗੀ।

ਗੁਰਮੁਖ ਪਿਆਰੇ ਭਾਈ ਪਿਆਰਾ ਸਿੰਘ ਵਿਚ ਸਾਨੂੰ ਇਕ ਖ਼ਾਸ ਗੱਲ ਦਿੱਸੀ ਜੋ ਹਰ ਇਕ ਗੁਰਮੁਖ ਪਿਆਰੇ ਵਿਚ ਮਿਲਣੀ ਮੁਸ਼ਕਲ ਹੈ। ਉਹਨਾਂ ਨੂੰ ਕੋਈ ਸਿੰਘ ਜੋ ਕੁਝ ਵੀ ਕਹਿੰਦਾ ਉਹ ਉਸ ਦਾ ਉਤਰ "ਸਤਿ ਬਚਨ" ਵਿਚ ਹੀ ਦਿੰਦੇ। ਕਹਿਣਾ ਆਸਾਨ ਹੈ ਪਰ ਨਿਭਾਹੁਣਾ ਹਰ ਇਕ ਦੇ ਵਸ ਦੀ ਗੱਲ ਨਹੀਂ ਹੈ। ਨਿਭਾਹੁਣ ਵਾਲਾ ਕੋਈ ਵਿਰਲਾ ਹੀ ਮਿਲਦਾ ਹੈ। ਪਰ ਭਾਈ ਪਿਆਰਾ ਸਿੰਘ ਜੀ ਵਿਰ-ਲਿਆਂ ਵਿਚੋਂ ਇਕ ਸਨ ਅਤੇ "ਸਤਿ ਬਚਨ" ਕਹਿ ਕੇ ਉਸ ਨੂੰ ਨਿਭਾਹੁੰਦੇ ਵੀ ਸਨ। ਇਥੋਂ ਤਕ ਕਿ ਉਹਨਾਂ ਦੇ ਮਾਤਾ ਜੀ ਕਹਿੰਦੇ ਹਨ ਕਿ ਮੇਰੇ



www.AKJ.Org

ਦਿਲ ਦੀ ਸਿਕ ਇਹ ਸੀ ਕਿ ਮੇਰਾ ਬੇਟਾ ਸ਼ਹੀਦ ਹੋਣ ਤੋਂ ਪਹਿਲਾਂ ਮੈਨੂੰ ਇਕ ਵਾਰ ਤਾਂ ਨਾਂਹ ਵਿਚ ਜਵਾਬ ਦੇ ਜਾਂਦਾ। ਮਤਲਬ ਕਿ ਭਾਈ ਸਾਹਿਬ ਆਪਣੇ ਮਾਤਾ ਪਿਤਾ ਦੇ ਇਤਨੇ ਆਗਿਆਕਾਰ ਸਨ ਕਿ ਉਹਨਾਂ ਦੇ ਬਚਨਾਂ ਨੂੰ ਸਾਰੀ ਉਮਰ ਪਾਲਿਆ ਅਤੇ ਕਦੀ ਨਾਂਹ ਵਿਚ ਜਵਾਬ ਦਿਤਾ ਹੀ ਨਹੀਂ ਸੀ। ਉਹ ਸਿੰਘਾਂ ਦੇ ਬਚਨਾਂ ਨੂੰ ਵੀ ਇਸੇ ਤਰ੍ਹਾਂ ਹੀ ਪਾਲਦੇ ਸਨ।

ਕੀਰਤਨ ਕਰਦਿਆਂ ਉਹਨਾਂ ਨੂੰ ਮੈਂ ਕਦੀ ਨਹੀਂ ਦੇਖਿਆ ਸੀ, ਪਰ ਪਤਾ ਲਗਾ ਹੈ ਕਿ ਉਹ ਇਕ ਤਕੜੇ ਕੀਰਤਨੀਏ ਵੀ ਸਨ। ਇਕ ਵਾਰੀ ਦੀ ਗੱਲ ਹੈ ਕਿ ਰੈਣ ਸਬਾਈ ਕੀਰਤਨ ਸ਼ੁਰੂ ਕਰ ਦਿਤਾ ਅਤੇ ਸਭ ਤੋਂ ਪਹਿਲਾਂ ਭਾਈ ਪਿਆਰਾ ਸਿੰਘ ਹੋਰਾਂ ਨੂੰ ਕੀਰਤਨ ਤੇ ਬਿਠਾ ਦਿਤਾ। ਗੁਰੂ ਨੇਤ ਐਸੀ ਹੋਈ ਕਿ ਕੋਈ ਹੋਰ ਕੀਰਤਨੀਆ ਸਿੰਘ ਨਾ ਪਹੁੰਚਿਆ ਅਤੇ ਭਾਈ ਪਿਆਰਾ ਸਿੰਘ ਹੋਰਾਂ ਨੇ ਹੀ ਇਕੇ ਚੌਕੜੇ ਪੂਰੀ ਰੈਣ ਸਬਾਈ ਨਿਭਾ ਦਿਤੀ। ਉਹ ਸਮਾਗਮਾਂ ਵਿਚ ਰਾਈ ਭਰ ਵੀ ਕੀਰਤਨ ਕਰਨ ਦੀ ਇੱਛਾ ਨਹੀਂ ਰਖਦੇ ਸਨ ਅਤੇ ਸਿਰਫ਼ ਕੀਰਤਨ ਸੁਣਨ ਹੀ ਆਉਂਦੇ ਸਨ।

"ਹਉ ਤਿਸ ਘੋਲ ਘੁਮਾਇਆ ਪਰ ਨਿੰਦਾ ਸੁਣ ਆਪ ਹਟਾਵੇ" ਦੇ ਹੁਕਮ ਅਨੁਸਾਰ ਭਾਈ ਪਿਆਰਾ ਸਿੰਘ ਹੋਰੀਂ ਕਿਸੇ ਦੀ ਵੀ ਨਿੰਦਾ ਸੁਣਨ ਵਾਸਤੇ ਹਰਗਿਜ਼ ਤਿਆਰ ਨਹੀਂ ਸਨ ਹੁੰਦੇ। ਜੇ ਕੋਈ ਸਜਣ ਪਰ-ਨਿੰਦਾ ਕਰਨੀ ਉਹਨਾਂ ਦੇ ਸਾਹਮਣੇ ਸ਼ੁਰੂ ਕਰ ਵੀ ਦੇਵੇ ਤਾਂ ਆਪ ਉਸ ਨੂੰ ਰੋਕ ਦਿੰਦੇ ਸਨ। ਪਰ ਫਿਰ ਵੀ ਸਾਡੇ ਵਰਗਾ ਨਾ ਹਟੇ ਤਾਂ ਉਹ ਖ਼ੁਦ ਉਥੋਂ ਚਲੇ ਜਾਂਦੇ ਸਨ।

ਗੁਰਮਤਿ ਦੇ ਅਸੂਲਾਂ ਦਾ ਇਤਨਾ ਸਤਿਕਾਰ ਕਰਦੇ ਸਨ ਕਿ ਐਸੀ ਮਿਸਾਲ ਮਿਲਣੀ ਮੁਸ਼ਕਲ ਹੀ ਹੈ। ਇਕ ਵਾਰੀ ਭਾਈ ਸੁਖਦੇਵ ਸਿੰਘ ਹੋਰਾਂ ਦੇ ਪਿੰਡ (ਉਹਨਾਂ ਦੇ ਘਰ) ਅਖੰਡ ਪਾਠ ਸਾਹਿਬ ਅਰੰਭ ਕਰਨ ਦੀ ਤਿਆਰੀ ਸੀ। ਅਖੰਡਪਾਨ ਕਰਨ ਵਾਲੇ ਸਿਰਫ ਭਾਈ ਪਿਆਰਾ ਸਿੰਘ ਹੋਰੀ ਹੀ ਪਹੁੰਚੇ ਸਨ। ਭਾਈ ਸੁਖਦੇਵ ਸਿੰਘ ਹੋਰੀ ਕਹਿਣ ਲਗੇ ਕਿ ਪਾਠੀ ਆਪ ਜੀ ਤੋਂ ਬਗੈਰ ਕੋਈ ਵੀ ਨਹੀਂ ਹੈ, ਇਸ ਲਈ ਅਖੰਡ ਪਾਠ ਸਾਹਿਬ ਪਦ ਛੇਦ ਬੀੜ ਤੇ ਰਖਿਆ ਜਾਵੇ। ਪਿਆਰਾ ਸਿੰਘ ਹੋਰੀ ਕਹਿਣ ਲਗੇ ਕਿ ਪਾਠੀਆਂ ਬਾਰੇ ਤੁਸੀਂ ਫ਼ਿਕਰ ਨਾ ਕਰੋ, ਪਰ ਅਖੰਡ ਪਾਠ ਸਾਹਿਬ ਗੁਰਮਤਿ ਮਰਯਾਦਾ ਅਨੁਸਾਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੁੜਤ ਸਰੂਪ ਤੇ ਹੀ ਸ਼ੋਭਦਾ ਹੈ। ਭਾਈ ਸੁਖਦੇਵ ਸਿੰਘ ਹੋਰਾਂ ਨੇ ਕਿਹਾ ਕਿ ਪਾਠੀਆਂ ਤੋਂ ਬਗੈਰ ਮੁਸ਼ਕਲ ਹੋ ਜਾਏਗੀ। ਉਹਨਾਂ ਨੇ ਫਿਰ ਦ੍ਰਿੜ੍ਹਤਾ ਨਾਲ ਸਹਿਜ ਸੁਭਾ ਹੀ ਕਹਿ ਦਿਤਾ ਕਿ ਪਾਠੀਆਂ ਦਾ ਆਪ ਜੀ ਬਿਲਕੁਲ ਹੀ ਫ਼ਿਕਰ ਨਾ ਕਰੋ ਅਤੇ ਅਖੰਡਪਾਠ ਸਾਹਿਬ ਜੁੜਤ ਸਰੂਪ ਪਰ ਹੀ ਰਖਿਆ ਜਾਵੇ, ਫੇਰ ਦੇਖਣਾ ਕਿ ਕੀ ਕਲਾ ਵਰਤਦੀ ਹੈ। ਗੁਰਮਤਿ ਅਸੂਲਾਂ ਨੂੰ ਕਮਾਉਣ ਪ੍ਰਥਾਇ ਉਨ੍ਹਾਂ ਦਾ ਇਤਨਾ ਦ੍ਰਿੜ ਵਿਸ਼ਵਾਸ ਸੀ।

ਦਿਲੀ ਦੁਸਹਿਰੇ ੧੯੭੬ ਦੇ ਸਮਾਗਮ ਤੇ ਭੋਗ ਪੈਣ ਤੋਂ ਬਾਅਦ ਸਭ ਕਮਰਕਸੇ ਕਰੀ ਬੈਠੇ ਸਾਂ। ਪਿਆਰਾ ਸਿੰਘ ਹੋਰੀਂ ਜੋ ਸਾਡੇ ਲਾਗੇ ਹੀ ਬੈਠੇ ਸਨ, ਸਾਨੂੰ ਕਹਿਣ ਲਗੇ ਕਿ ਮੇਰਾ ਮਨ ਕਰਦਾ ਹੈ ਕਿ ਤੁਸੀਂ ਮੇਰੇ ਨਾਲ ਪਿੰਡ ਚਲੋ ਅਤੇ ਉਥੇ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਜਾਵੇ। ਜਦ ਨੀਯਤ ਖ਼ਰਾਬ ਤਾਂ ਹਜ਼ਾਰ ਬਹਾਨੇ। ਅਸੀਂ ਕਈ ਬਹਾਨੇ ਲਾ ਕੇ ਉਹਨਾਂ ਨੂੰ ਨਾਂਹ ਕਰ ਗਏ। ਉਹਨਾਂ ਥੋੜੀ ਦੇਰ ਬਾਅਦ ਬੜੇ ਪ੍ਰੇਮ ਸਹਿਤ ਸਾਨੂੰ ਫਿਰ ਕਿਹਾ। ਪਰ ਅਸੀਂ ਉਹ ਮੌਕਾ (ਜੋ ਉਹ ਦੋਬਾਰਾ ਕਿਸੇ ਨੂੰ ਦਿੰਦੇ ਹੀ ਨਹੀਂ ਸਨ) ਗਵਾ ਦਿਤਾ ਅਤੇ ਉਹਨਾਂ ਦੇ ਨਾਲ ਨਾ ਗਏ। ਸਾਡੇ ਮੂੰਹ ਤੇ ਉਸ ਸਮੇਂ ਇਕ ਕਰਾਰਾ ਥਪੜ ਵਜਾ, ਜਦੋਂ ਕਾਨਪੁਰ ਪਹੁੰਚ ਕੇ ਦੋ ਦਿਨ ਬਾਅਦ ਹੀ ਸਾਨੂੰ ਕਿਸੇ ਕਾਰਨ-ਵਸ ਵਾਪਸ ਪੰਜਾਬ ਨੂੰ ਮੁੜਨਾ ਪਿਆ। ਉਸ ਵੇਲੇ ਉਹਨਾਂ ਦੇ ਬਚਨ ਸਾਡੇ ਕੰਨਾਂ ਵਿਚ ਗੂੰਜ ਰਹੇ ਸਨ।

ਸਾਨੂੰ ਪਤਾ ਲਗਾ ਕਿ ਭਾਈ ਸਾਹਿਬ ਅੰਦਰ ਰਹਿੰਦਿਆਂ ਹੋਇਆਂ (Living in) ਵੀ ਆਪਣ,



www.AKJ.Org

ਵਖਰਾ ਸਰਬ ਲੋਹ ਦਾ ਲੰਗਰ ਤਿਆਰ ਕਰ ਕੇ ਛਕਦੇ ਸਨ। ਇਹੋ ਜਿਹੀ ਮਿਸਾਲ ਦੇਖਣ ਵਿਚ ਘਟ ਹੀ ਆਈ ਹੈ।

ਭਾਈ ਪਿਆਰਾ ਸਿੰਘ ਜੀ ਨੇ ਆਪਣੇ ਪਿੰਡ ਅਤੇ ਜਿਥੇ ਜਿਥੇ ਵੀ ਰਹੇ, ਕਈਆਂ ਦੇ ਨਾਵਾਂ ਤੇ ਆਪਣੇ ਵਲੋਂ 'ਸੂਰਾ' ਜਾਰੀ ਕਰਵਾਇਆ। ਵੈਸਾਖੀ ਤੇ ਸਾਨੂੰ ਪਤਾ ਲਗਾ ਕਿ ਉਹਨਾਂ ਨੇ ਕਰੀਬ ਦੋ ਢਾਈ ਸੌ ਰੁਪਏ ਦੇ ਕਰੀਬ ਖੜਤਾਲਾਂ, ਪੁਸਤਕਾਂ ਅਤੇ ਗੁਟਕੇ ਆਦਿ ਮੁਫਤ ਵੰਡਣ ਵਾਸਤੇ ਖ਼ਰੀਦੇ ਸਨ। ਪਰ ਸੱਚੇ ਪਾਤਸ਼ਾਹ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਅਤੇ ਉਹ ਸਭ ਚੀਜ਼ਾਂ ਹੈਦਰਾਬਾਦ ਪਹੁੰਚ ਉਣ ਦੀ ਸਿਕ ਮਨ ਵਿਚ ਹੀ ਲੈ ਕੇ ਸਾਡੇ ਪਾਸੋਂ ਸਦਾ ਲਈ ਵਿਛੜ ਗਏ।

ਉਹਨਾਂ ਦੇ ਦਸਵੰਧ ਕਢਣ ਬਾਰੇ ਉਹਨਾਂ ਦੇ ਸੰਗੀ ਸਾਥੀ ਦਸਦੇ ਹਨ ਕਿ ਉਹ ਆਪਣੀ ਅੱਧੀ ਤਨਖ਼ਾਹ ਤੋਂ ਵੀ ਜ਼ਿਆਦਾ ਸੇਵਾ ਦੇ ਕੰਮਾਂ ਵਿਚ ਖਰਚ ਕਰਦੇ ਰਹੇ। ਕਈ ਵਾਰੀ ਉਹਨਾਂ ਦੀ ਪੂਰੀ ਤਨਖ਼ਾਹ ਵੀ ਸੇਵਾ ਦੇ ਕੰਮਾਂ ਵਿਚ ਲਗ ਜਾਂਦੀ। ਪਰ ਫੇਰ ਵੀ ਉਹਨਾਂ ਨੂੰ ਮਾਇਕ ਤੋਟ ਕਦੇ ਨਹੀਂ ਸੀ ਆਈ।

ਆਪ ਜੀ ਦੀ ਹਮੇਸ਼ਾ ਦੀ ਅਰਦਾਸ ਇਹੋ ਹੁੰਦੀ ਕਿ "ਹੇ ਸੱਚੇ ਪਾਤਸ਼ਾਹ ਜੀਓ, ਇਹ ਦੇਹੀ ਆਪ ਜੀ ਦੀ ਹੀ ਅਮਾਨਤ ਹੈ। ਸੋ ਇਸ ਨੂੰ ਅਜਾਈਂ ਜਾਣ ਦੀ ਬਜਾਏ ਆਪਣੇ ਲੇਖੇ ਲਾ ਕੇ ਸਾਨੂੰ ਅਕ੍ਰਿਤਘਣਾਂ ਨੂੰ ਸੁਰਖ਼ਰੂ ਕਰਨਾ ਅਤੇ ਆਪਣੀ ਅਮਾਨਤ ਵਿਚ ਖ਼ਿਆਨਤ ਨਾ ਹੋਣ ਦੇਣਾ"। ਇਥੋਂ ਤਕ ਕਿ ੧੩ ਅਪਰੈਲ ੧੯੭੮ ਵਾਲੇ ਦਿਨ ਸਵੇਰ ਦੇ ਕੀਰਤਨ ਦੇ ਤਿਆਰੇ ਵਿਚ ਦੁਮਾਲਾ ਸਜਾਉਂਦਿਆਂ ਉਹਨਾਂ ਨੂੰ ਕੁਝ ਸਿੰਘਾਂ ਨੇ ਇਹ ਕਹਿੰਦਿਆਂ ਸੁਣਿਆ ਕਿ ਹੁਣ ਬਹੁਤ ਥੋੜੀ ਜਿਹੀ ਛੁਟੀ ਰਹਿ ਗਈ ਹੈ। ਸ਼ਾਇਦ ਸੱਚੇ ਪਾਤਸ਼ਾਹ ਇਸ ਸਰੀਰ ਨੂੰ ਲੇਖੇ ਲਾ ਹੀ ਲੈਣ। ਉਹਨਾਂ ਦੀ ਇਸ ਰਮਜ਼ ਨੂੰ ਕੋਈ ਨਾ ਸਮਝ ਸਕਿਆ। ਜਦੋਂ ਭਾਈ ਜਰਨੈਲ ਸਿੰਘ ਹੋਰਾਂ ਦਾ ਸੰਦੇਸ਼ਾ ਸੁਣ ਕੇ ਸਿੰਘ ਤਿਆਰ ਹੋਏ ਤਾਂ ਭਾਈ ਸਾਹਿਬ ਸਭ ਤੋਂ ਅਗੇ ਸਨ। ਅਤੇ ਵਰ੍ਹਦੀਆਂ ਗੋਲੀਆਂ ਵਿਚ ਅਗੇ ਹੀ ਰਹੇ। ਗੋਲੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਜੂਝ ਕੇ ਸ਼ਹੀਦ ਹੋਏ। ਅੰਤਮ ਸਮੇਂ ਦਾ ਸਾਨੂੰ ਉਹਨਾਂ ਬਾਰੇ ਕੋਈ ਪਤਾ ਨਹੀਂ ਲਗ ਸਕਿਆ। ਉਹ ਨਾਮ ਨੂੰ ਕਦੇ ਵਿਸਾਰਦੇ ਹੀ ਨਹੀਂ ਸਨ। ਇਸ ਲਈ ਪੂਰਨ ਭਰੋਸਾ ਹੈ ਕਿ ਉਹ ਅੰਤਮ ਸਵਾਸਾਂ ਤਕ ਨਾਮ ਜਪਦੇ ਹੋਏ ਸ਼ਹੀਦ ਹੋਏ ਹੋਣਗੇ।

ਸਾਨੂੰ ਇਸ ਗੱਲ ਦਾ ਵੀ ਪਤਾ ਲਗਾ ਹੈ ਕਿ ਉਹਨਾਂ ਦੇ ਸ਼ਹੀਦ ਹੋਣ ਤੋਂ ਬਾਅਦ ਉਹਨਾਂ ਦੇ ਮਾਤਾ ਪਿਤਾ ਭਾਈ ਸਾਹਿਬ ਦੇ ਵਿਛੋੜੇ ਵਿਚ ਅਤੀ ਵਿਆਕੁਲ ਸਨ। ਅਤੇ ਬਹੁਤ ਜ਼ਿਆਦਾ ਰੁਦਨ ਕਰਦੇ ਰਹਿੰਦੇ ਸਨ। ਅਚਾਨਕ ਇਕ ਦਿਨ ਭਾਈ ਸਾਹਿਬ ਨੇ ਉਹਨਾਂ ਨੂੰ ਪਰਤੱਖ ਦਰਸ਼ਨ ਦਿਤੇ ਅਤੇ ਬੇਨਤੀ ਕੀਤੀ ਕਿ ਆਪ ਜੀ ਰੁਦਨ ਕਰਨਾ ਛਡ ਦੇਵੋ, ਇਸ ਨਾਲ ਸਾਨੂੰ ਓਥੇ ਬਹੁਤ ਤਕਲੀਫ ਹੋ ਰਹੀ ਹੈ। ਜਿਥੇ ਅਸੀਂ ਪਹੁੰਚਣਾ ਸੀ, ਅਸੀਂ ਓਥੇ ਪਹੁੰਚ ਗਏ ਹਾਂ ਅਤੇ ਹਮੇਸ਼ਾਂ ਹੀ ਆਪ ਜੀ ਦੇ ਪਾਸ ਹਾਂ। ਇਹ ਕਹਿ ਕੇ ਆਪ ਜੀ ਅਲੋਪ ਹੋ ਗਏ।

ਧੰਨ ਭਾਈ ਪਿਆਰਾ ਸਿੰਘ ਜੀ ਸਨ ਜੋ ਆਪਣੀ ਕੀਤੀ ਅਰਦਾਸ ਤੋੜ ਨਿਭਾ ਗਏ।

---

# ਕੈਨੇਡਾ ਵਿਚ ਕਿਰਤੀ ਸਿੰਘਾਂ ਨੂੰ ਕਿਰਪਾਨ ਦੀ ਖੁਲ੍ਹ

ਕੈਨੇਡਾ ਵਿਚ ਕਾਮੇ ਸਿੰਘਾਂ ਨੂੰ ਕਿਰਪਾਨ ਪਹਿਨਣ ਦੀ ਆਗਿਆ ਮਿਲ ਗਈ ਹੈ। ਇਸ ਜਿਤ ਦਾ ਸੇਹਰਾ ਸ: ਫ਼ੌਜਾ ਸਿੰਘ ਬੈਂਸ ਦੇ ਸਿਰ ਹੈ, ਜੋ ਕਿ ਉਥੇ ਰੁਜ਼ਗਾਰ ਵਾਸਤੇ ਗਿਆ ਹੋਇਆ ਸੀ।

ਕੈਨੇਡਾ ਵਿਚ ਸਿੰਘਾਂ ਨੂੰ ਦਾੜ੍ਹੀ ਕੇਸ ਤੇ ਦਸਤਾਰ ਕਾਇਮ ਰਖਣ ਲਈ ਬੜਾ ਸੰਘਰਸ਼ ਕਰਨਾ ਪਿਆ। ਸਿੰਘਾਂ ਦੀਆਂ ਕੁਰਬਾਨੀਆਂ ਇਹ ਸਾਰੀਆਂ ਸਹੂਲਤਾਂ ਸਰਕਾਰੀ ਤੌਰ ਤੇ ਪ੍ਰਾਪਤ ਕਰ ਲਈਆਂ ਹਨ।

ਉਥੇ ਕੰਮ-ਕਾਰ ਸਮੇਂ ਕਿਰਪਾਨ ਪਹਿਨਣ ਦੀ ਪਾਬੰਦੀ ਸੀ। ਸ: ਫ਼ੌਜਾ ਸਿੰਘ ਨੂੰ ਕਿਰਪਾਨ-ਧਾਰੀ ਹੋਣ ਕਰਕੇ ਨੌਕਰੀ ਤੋਂ ਜੁਆਬ ਮਿਲ ਗਿਆ। ਉਥੋਂ ਦੀ ਗੁਰਦੁਆਰਾ ਕਮੇਟੀ ਨੇ ਇਹ ਕੇਸ ਕੋਰਟ ਵਿਚ ਲੜਿਆ ਅਤੇ ਹਰ ਸਮੇਂ ਕਿਰਪਾਨ ਪਹਿਨਣ ਦੀ ਅਜ਼ਾਦੀ ਦੀ ਖੁਲ੍ਹ ਪ੍ਰਾਪਤ ਕਰ ਲਈ ਹੈ। ਆਖ਼ਰ ਗੁਰਸਿਖਾਂ ਦੇ ਸਿਦਕ ਨੂੰ ਵਾਹਿਗੁਰੂ ਫਲ ਲਾਉਂਦਾ ਹੈ।



www.AKJ.Org

# ਨਕਲੀ ਨਿਰੰਕਾਰੀਆਂ ਦੀ
# 'ਅਵਤਾਰ ਬਾਣੀ' ਮਿੱਠਾ ਮਹੁਰਾ ਹੈ

[ਵਲੋਂ—ਗਿ: ਕਰਮ ਸਿੰਘ ਜੀ "ਭੰਡਾਰੀ" ਜਨਰਲ ਸਕੱਤਰ, ਯੂਥ ਅਕਾਲੀ ਦਲ, ਬਰਨਾਲਾ]

ਨਕਲੀ ਨਿਰੰਕਾਰੀ ਮਿਸ਼ਨ ਅਸਲ ਵਿਚ ਤਾਂ ਹਿੰਦੂ ਧਰਮ ਤੇ ਖਾਸ ਕਰ ਸਿੱਖ ਪੰਥ ਲਈ ਉਸ ਦਿਨ ਤੋਂ ਹੀ ਚੈਲੰਜ ਦਾ ਰੂਪ ਧਾਰਨ ਕਰ ਗਿਆ ਸੀ, ਜਿਸ ਦਿਨ ਨਿਰੰਕਾਰੀ ਮਿਸ਼ਨ ਦੇ ਸੱਚੇ ਆਗੂ ਬਾਬਾ ਰੱਤਾ ਜੀ ਵਲੋਂ ਸ਼ਰਾਬੀ ਕਬਾਬੀ ਬੂਟਾ ਸਿੰਘ ਨੂੰ ਇਸ ਮਿਸ਼ਨ ਵਿਚੋਂ ਕੱਢ ਦਿਤਾ ਗਿਆ ਸੀ ਤੇ ਉਸ ਨੇ ਆਪਣੀ ਗੁਰੂ-ਡੰਮ ਦੀ ਵਖਰੀ ਦੁਕਾਨ ਤੋਰ ਲਈ ਸੀ, ਪਰ ਇਸ ਦੀ ਰਹਿੰਦੀ-ਖੂੰਹਦੀ ਕਸਰ, ਮਹੰਤ ਅਵਤਾਰ ਸਿੰਘ ਵਲੋਂ ਆਪਣੇ ਨਾਮ ਹੇਠ ਕਿਸੇ ਪਾਸੋਂ "ਅਵਤਾਰ-ਬਾਣੀ" ਨਾਮ ਦੀ ਪੁਸਤਕ ਲਿਖਵਾ ਕੇ ਅਤੇ ਇਕ ਮਾਸਕ ਪੱਤਰ ਜਾਰੀ ਕਰਕੇ, ਪੂਰੀ ਕਰ ਦਿਤੀ ਹੈ। ਸਾਡੇ ਲਈ ਇਹ ਚੈਲੰਜ, ਮਿਠੇ-ਮਹੁਰੇ ਦੇ ਰੂਪ ਵਿਚ ਤਾਂ ਬਹੁਤ ਚਿਰ ਤੋਂ ਆ ਰਿਹਾ ਸੀ ਪਰ ਇਸ ਵਿਚ ਨਿਖਾਰ ਉਸ ਸਮੇਂ ਆਇਆ ਜਦੋਂ ਅਜ ਦੇ ਨਕਲੀ ਨਿਰੰਕਾਰੀ ਮਹੰਤ ਗੁਰਬਚਨ ਸਿੰਘ ਨੇ ਹਿੰਦੂ-ਸਿਖਾਂ ਨੂੰ ਚਿੜਾਉਣ ਲਈ ਆਪਣੇ ਆਪ ਨੂੰ ਰਾਮ, ਕ੍ਰਿਸ਼ਨ, ਜਨਕ, ਤੇ ਗੁਰੂ ਨਾਨਕ ਅਖਵਾਉਣਾ ਸ਼ੁਰੂ ਕਰ ਦਿਤਾ ਤੇ ਆਪਣੇ ਚਾਟੜਿਆਂ ਦੇ ਨਾਮ ਭਾਈ ਗੁਰਦਾਸ, ਬੇਬੇ ਨਾਨਕੀ, ਬਾਬਾ ਬੁੱਢਾ ਆਦਿ ਰਖਣੇ ਸ਼ੁਰੂ ਕਰ ਦਿਤੇ ਅਤੇ ਆਪਣੀ ਕੱਚੀ ਬਾਣੀ ਦੁਆਰਾ ਸ਼ਰੇ-ਆਮ ਕਹਿਣਾ ਸ਼ੁਰੂ ਕਰ ਦਿਤਾ ਕਿ ਜਿਸ ਨਿਰੰਕਾਰ ਪਾਤਸ਼ਾਹ ਦਾ "ਰਾਮ ਕ੍ਰਿਸ਼ਨ ਤੇ ਨਾਨਕ ਤੱਕ ਵੀ ਖੁਦ ਪਰਦਾ ਨਹੀਂ ਲਾਹ ਸਕੇ" "ਉਸ ਗੁਰਬਚਨ ਨੂੰ ਸਤਿਗੁਰ ਸਮਝੋ ਇਹ ਹੈ ਕਲਿਯੁਗ ਦਾ ਅਵਤਾਰ।" ਕਿਉਂਕਿ ਗੁਰਬਚਨ ਦੇ ਵੇਸ ਵਿਚ ਹੀ "ਨਾਰਾਇਣ ਨੇ ਰੂਪ ਵਟਾਯਾ ਰੰਗ ਬਦਲਿਆ ਖੁਦ ਨਿਰੰਕਾਰ।" ਮਹੰਤ ਗੁਰਬਚਨ ਨੂੰ ਨਿਰੰਕਾਰ ਪਾਤਸ਼ਾਹ ਜੀ ਦਾ ਨਿਰਗੁਣ ਤੇ ਸਰਗੁਣ ਰੂਪ ਦਸਦੇ (੨੮੫) ਰਾਮ, ਕ੍ਰਿਸ਼ਨ ਤੇ ਅੱਲਾ ਤੋਂ ਇਲਾਵਾ ਤ੍ਰਿਲੋਕੀ ਦਾ ਮਾਲਕ (੨੫੪ ਸਫਾ 'ਅਵਤਾਰ ਬਾਣੀ') ਕਿਹਾ ਗਿਆ ਹੈ।

ਵਿਸਾਖੀ ਦੇ ਪਵਿਤਰ ਦਿਵਸ ਤੇ ਵਾਪਰੇ ਖੂਨੀ ਕਾਂਡ ਦੀ ਜਿਥੇ ਸਮੂਹ ਸਿਖ ਜਗਤ ਤੇ ਹੋਰ ਹਰ ਧਾਰਮਿਕ ਭਾਵਨਾਵਾਂ ਵਾਲਿਆਂ ਵਲੋਂ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ, ਮਹਾਸ਼ਾ ਪ੍ਰੈਸ ਵਲੋਂ ਕੋਝੇ ਯਤਨਾਂ ਨਾਲ ਸੱਚਾਈ ਛੁਪਾ ਕੇ ਨਾਮ-ਰਸੀਏ ਤੇ ਨਿਰੋਲ ਧਾਰਮਿਕ ਪਹਿਲੂ ਵਾਲੇ ਸ਼ਹੀਦ ਹੋਏ ਗੁਰੂ ਕੇ ਸਿੰਘਾਂ ਨੂੰ ਕਦੇ ਨਿਹੰਗ, ਕਦੇ ਅਕਾਲੀ ਅਤੇ ਕਦੇ ਹਮਲਾਵਰ ਆਦਿ ਕਿਹਾ ਜਾ ਰਿਹਾ ਹੈ। ਇਸ ਤੋਂ ਇਲਾਵਾ ਯਥਾਰਥ ਵਲੋਂ ਮੂੰਹ ਮੋੜ ਕੇ ਗ਼ਲਤ ਖਬਰਾਂ ਪ੍ਰਕਾਸ਼ਤ ਕਰ ਕੇ ਨਕਲੀ ਨਿਰੰਕਾਰੀਆ ਦੇ ਹੱਥ ਮਜ਼ਬੂਤ ਕਰਨ ਦਾ ਅਸਫਲ ਯਤਨ ਕੀਤਾ ਜਾ ਰਿਹਾ ਹੈ।

ਮਹਾਸ਼ਾ ਜੀ ਦੂਸਰੇ ਦੇ ਘਰ ਲਗੀ ਅੱਗ ਨੂੰ ਬਸੰਤਰ ਸਮਝ ਕੇ ਨਾ ਚਲੋ, ਕਿਉਂਕਿ ਇਸ ਦਾ ਸੇਕ ਹਿੰਦੂ-ਸਿਖਾਂ ਦੋਹਾਂ ਲਈ ਦੁਖਦਾਈ ਹੈ ਤੇ ਜੇ ਤੁਸੀਂ ਆਪਣੇ ਆਪ ਨੂੰ ਹਿੰਦੂ ਧਰਮ ਦੇ ਰੱਖਿਅਕ ਮੰਨਦੇ ਹੋ ਤਾਂ ਇਹ ਕੌੜੀ ਸੱਚਾਈ ਸਮਝ ਲੈਣੀ ਚਾਹੀਦੀ ਹੈ ਕਿ ਇਹ ਨਕਲੀ ਗੁਰੂ-ਡੰਮ ਜਿੰਨਾ ਸਿਖ ਧਰਮ ਲਈ ਮਾਰੂ ਸਾਬਤ ਹੋ ਰਿਹਾ ਹੈ, ਇਸ ਤੋਂ ਵੀ ਕਿਤੇ ਵਧ ਹਿੰਦੂ ਧਰਮ ਨੂੰ ਢਾਹ ਲਾਹ ਰਿਹਾ ਹੈ, ਕਿਉਂਕਿ ਉਸ 'ਕੱਚੀ ਬਾਣੀ' ਵਿਚ ਜਿੱਥੇ ਸਿੱਖ ਘਰਾਣੇ ਦੇ ਜੰਮ-ਪਲ ੨੦ ਸਿੱਖਾਂ ਵਲੋਂ ਸਿਖ ਧਰਮ ਨੂੰ ਛੁਟਿਆ ਕੇ ਨਕਲੀ ਮਿਸ਼ਨ ਦਾ ਪ੍ਰਚਾਰ ਕੀਤਾ ਗਿਆ ਹੈ ਉਥੇ ਠੀਕ



www.AKJ.Org

੨੦ ਹਿੰਦੂ ਘਰਾਣੇ ਦੇ ਜੰਮ-ਪਲਾਂ ਵਲੋਂ ਵੀ ਹਿੰਦੂ ਧਰਮ ਤੇ ਕਰਾਰੀਆਂ ਚੋਟਾਂ ਲਵਾ ਕੇ ਹਿੰਦੂ ਕਰਮ-ਕਾਂਡਾਂ ਦਾ ਨਿਰਾ ਪੁਰਾ ਮਖੌਲ ਹੀ ਨਹੀਂ ਉਡਾਇਆ ਗਿਆ ਸਗੋਂ ਹਿੰਦੂ-ਧਰਮ ਦੇ ਟਾਕਰੇ ਇਸ ਨਕਲੀ ਨਿਰੰਕਾਰੀ ਮਿਸ਼ਨ ਨੂੰ ਬਹੁਤ ਉੱਚਾ-ਸੁੱਚਾ ਅਖਵਾ-ਇਆ ਗਿਆ ਹੈ। ਮਹੰਤ ਅਵਤਾਰ ਸਿੰਘ ਦੀ ਪਤਨੀ ਵਲੋਂ, ਜੋ ਆਪਣੇ ਮੂੰਹੋਂ ਆਪ ਮੀਆਂ ਮਿੱਠੂ ਬਣਨ ਦੀ ਇਸ ਪੁਸਤਕ ਵਿਚ ਕੋਸ਼ਿਸ਼ ਕੀਤੀ ਗਈ ਹੈ, ਉਹ ਇਕ ਅਨੋਖਾ ਰੰਗ ਹੀ ਕਿਹਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਇਸ ਪੁਸਤਕ ਦੇ ਬੰਦ ਨੰ: ੮੦, ੮੪, ੮੭,੯੨, ੧੩੬ ਤੇ ੩੨੨ ਵਿਚ ਜਿਥੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗ੍ਰੰਥ, ਪੁਸਤਕ, ਤੇ ਪੋਥੀ ਆਦਿ ਦਸਿਆ ਗਿਆ ਹੈ ਉਥੇ ਇਨ੍ਹਾਂ ਹੀ ਬੰਦਾਂ ਵਿਚ ਹਿੰਦੂ-ਤੀਰਥਾਂ ਨੂੰ ਵੀ ਨਿਹਫਲ ਕਿਹਾ ਗਿਆ ਹੈ। ਇਸੇ ਪ੍ਰਕਾਰ ਬੰਦ ਨੰ: ੧੭੮, ੧੯੫ ੧੯੮, ੧੯੯, ੨੭੨ ਅਤੇ ੩੪੩ ਵਿਚ ਜਿਥੇ ਸਿੱਖ ਕਕਾਰ, ਕਿਰਪਾਨ ਨੂੰ ਵਾਧੂ ਦਸਿਆ ਹੈ, ਉਥੇ ਨਾਲ ਹੀ ਜੰਞੂ ਨੂੰ ਵੀ ਨਹੀਂ ਬਖਸ਼ਿਆ ਗਿਆ। ਇਸੇ ਪ੍ਰਕਾਰ ਸਫ਼ਾ ਨੰ: ੨੩੩, ੨੪੪, ੨੪੬ ਤੇ ੩੩੪ ਉਪਰ ਜੋ ਹਿੰਦੂ ਤੇ ਸਿਖ ਧਰਮ ਦਾ ਮਖ਼ੌਲ ਉਡਾਇਆ ਗਿਆ ਹੈ, ਉਹ ਮਹਾਸ਼ਾ ਜੀ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ। ਸੋ ਇਹ ਨਕਲੀ ਨਿਰੰਕਾਰੀ ਮਿਸ਼ਨ ਆਪਣੇ ਮਾਸਕ ਪੱਤਰ ਤੇ ਇਸ ਪੁਸਤਕ ਰਾਹੀਂ ਅਤੇ ਇਸ ਤੋਂ ਵੀ ਵਧ ਰੋਜ਼ਾਨਾ ਦੇ ਪ੍ਰਚਾਰ ਰਾਹੀਂ ਅੱਜ ਹਿੰਦੂ ਤੇ ਸਿੱਖਾਂ ਲਈ ਸਾਂਝੇ ਤੌਰ ਵਿਚ ਇਕ ਚੈਲੰਜ ਦਾ ਰੂਪ ਧਾਰਨ ਕਰ ਚੁਕਾ ਹੈ। ਲੋੜ ਹੈ ਸਾਨੂੰ ਵੀ, ਆਪਣੇ ਭੋਲੇ ਭਾਲੇ ਹਿੰਦੂ-ਸਿੱਖ ਭਰਾਵਾਂ ਨੂੰ ਇਸ ਮਿਠੇ-ਮੁਹਰੇ ਤੋਂ ਬਚਾਉਣ ਦੀ।

ਹਿੰਦੂ ਧਰਮ ਲਈ ਗਊ ਅਤੇ ਮੁਸਲਮਾਨ ਲਈ ਸੂਰ ਦੀ ਕਸਮ ਹੈ, ਪਰ ਇਸ ਨਕਲੀ ਮਿਸ਼ਨ ਵਲੋਂ ਦੋਹਾਂ ਹੀ ਧਰਮਾਂ ਨੂੰ ਚਿੜ੍ਹਾਉਣ ਹਿਤ ਕਿਹਾ ਜਾ ਰਿਹਾ ਹੈ ਕਿ "ਅਸੀਂ ਗਊ ਅਤੇ ਸੂਰ ਦਾ ਗੋਸ਼ਤ ਖਾਂਦੇ ਹਾਂ ਤੇ ਮਿਲਾ ਕੇ ਖਾਂਦੇ ਹਾਂ"। ਇਸ ਤੋਂ ਇਲਾਵਾ ਇਹ ਕਹਿਣਾ ਕਿ "ਉਹ ਪਰਾਈ ਤੇ ਆਪਣੀ ਔਰਤ 'ਚ ਕੋਈ ਫਰਕ ਨਹੀਂ ਸਮਝਦੇ ਤੇ ਦੂਜੀ ਔਰਤ ਨੂੰ ਆਪਣੀ ਔਰਤ ਵਾਂਗ ਵਰਤਾਉ ਕਰਨਾ ਉਹਨਾਂ 'ਚ ਕੋਈ ਗੁਨਾਹ ਨਹੀਂ ਹੈ", ਇਨਸਾਨੀਅਤ ਵਿਰੁਧ ਫ਼ਤਵਾ ਦੇਣਾ ਹੈ। ਇਸ ਮਿਸ਼ਨ ਦੇ ਪੈਰੋਕਾਰਾਂ ਲਈ ਸ਼ਰਾਬ, ਮਾਸ, ਤੰਬਾਕੂ ਆਦਿ ਸਭ ਪ੍ਰਵਾਨ ਹਨ "ਖਾਣਾ-ਪੀਣਾ ਸਭ ਪ੍ਰਵਾਨ"(੧੪੫)। ਬੀੜੀ, ਸਿਗਰਟ, ਮਾਸ ਦੀ ਖੁਲ੍ਹ ਦੇਣ ਤੋਂ ਇਲਾਵਾ ਜੋ ਜੂਠ ਖਾਣ ਦੀ ਪ੍ਰੇਰਨਾ ਬੰਦ ਨੰ: ੨੧੦ ਵਿਚ ਕੀਤੀ ਗਈ ਹੈ ਉਹ ਤਾਂ ਵਿਗਿਆਨਕ ਨੁਕਤੇ ਤੋਂ ਵੀ ਹਾਸੋ-ਹੀਣੀ ਜਾਪਦੀ ਹੈ।

ਅਖ਼ੀਰ ਵਿਚ ਜਿਥੇ ਸਾਰੀਆਂ ਸਿੱਖ ਸੰਪਰਦਾਵਾਂ ਨੂੰ ਇਸ ਗੁਰੂ-ਡੰਮ ਵਿਰੁਧ ਲਾਮਬੰਦ ਹੋਣ ਦੀ ਪੁਰਜ਼ੋਰ ਬੇਨਤੀ ਹੈ, ਉਥੇ ਹਿੰਦੂ ਧਰਮ ਦੇ ਅਜੋਕੇ ਰੱਖਿਅਕਾਂ ਪਾਸ ਵੀ ਅਪੀਲ ਹੈ ਕਿ ਆਓ ਇਸ ਨਕਲੀ ਨਿਰੰਕਾਰੀ ਮਿਸ਼ਨ ਤੇ ਜੋ ਨੀਮ-ਫੌਜੀ ਅਤੇ ਫ਼ਾਸ਼ਿਸਟ-ਜਥੇਬੰਦੀ ਦਾ ਹੀ ਦੂਸਰਾ ਰੂਪ ਹੈ, ਦੀ ਗੁਰੂ-ਡੰਮ ਦੀ ਦੁਕਾਨ ਖਤਮ ਕਰਵਾਉਣ ਲਈ ਸਰਕਾਰ ਤੇ ਜ਼ੋਰ ਪਾਈਏ ਕਿ ਇਸ ਉਪਰ ਵੀ ਅਨੰਦ-ਮਾਰਗੀਆਂ ਵਾਂਗ ਪਾਬੰਦੀ ਲਗਾਈ ਜਾਵੇ ਅਤੇ "ਅਵਤਾਰ ਬਾਣੀ" ਤੇ "ਯੁਗ ਪੁਰਸ਼" ਨੂੰ ਫ਼ੌਰੀ ਤੌਰ ਤੇ ਜ਼ਬਤ ਕਰ ਕੇ ਇਸ ਮਿਸ਼ਨ ਦੇ ਮਾਸਕ ਪੱਤਰ ਨੂੰ ਬੰਦ ਕਰਵਾਉਣ ਲਈ ਕਹੀਏ, ਜੋ ਸਾਡੇ ਲਈ ਚੈਲੰਜ ਦਾ ਰੂਪ ਹੈ ਤੇ ਸਾਡੇ ਭੋਲੇ-ਭਾਲੇ ਅਤੇ ਆਪਣੇ ਧਰਮਾਂ ਤੋਂ ਅਨਜਾਣ ਭਰਾਵਾਂ ਲਈ ਮਿੱਠਾ-ਮੁਹਰਾ ਸਾਬਤ ਹੋ ਰਿਹਾ ਹੈ।


## ਵੈਸਾਖੀ ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ

ਕਈ ਨਵੇਂ ਵਾਧਿਆਂ ਨਾਲ ਨਵੀਂ ਤੀਜੀ ਐਡੀਸ਼ਨ ਛਪ ਗਈ ਹੈ। ਮੈਟਰ ੧੪੦ ਸਫ਼ੇ, ਸ਼ਹੀਦੀ ਤਸਵੀਰਾਂ ੧੫ ਸਫ਼ੇ, ਭੇਟਾ ਕੇਵਲ ਡੇਢ ਰੁਪਿਆ, ਸਧਾਰਨ ਡਾਕ ਖਰਚ ਸਮੇਤ ਦੋ ਰੁਪਏ।




www.AKJ.Org

# ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ (੩)

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

## ਨਾਂਵ ( NOUN )

### ਲਛਣ ( Defurtion )

ਜਿਹੜੇ ਸ਼ਬਦ ਨੂੰ ਪੜ੍ਹਿਆਂ ਜਾਂ ਸੁਣਿਆਂ ਕਿਸੇ ਵਿਅਕਤੀ, ਅਸਥਾਨ, ਪਦਾਰਥ ਜਾਂ ਸੂਖਮ ਹੋਂਦ (Abstract existance) ਦਾ ਗਿਆਨ ਹੋਵੇ ਉਸ ਨੂੰ ਨਾਂਵ ਆਖੀਦਾ ਹੈ।

### ਨਾਂਵ ਦੀਆਂ ਕਿਸਮਾਂ ( Kinds of Nouns )

ਨਾਂਵ ਪੰਜ ਤਰ੍ਹਾਂ ਦੇ ਹਨ :—

(੧) ਖ਼ਾਸ ਨਾਉਂ (Proper Noun)
(੨) ਜਾਤੀ ਨਾਉਂ (Common Noun)
(੩) ਇਕੱਠ-ਵਾਚਕ ਨਾਉਂ (Collective Noun)
(੪) ਪਦਾਰਥ-ਵਾਚਕ ਨਾਉਂ (Material Noun)
(੫) ਭਾਵ-ਵਾਚਕ ਨਾਉਂ (Abstract Noun)

ਉਪ੍ਰੋਕਤ ਸਾਰੀਆਂ ਕਿਸਮਾਂ ਦੇ ਨਾਵਾਂ ਬਾਰੇ ਪੂਰੀ ਜਾਣਕਾਰੀ ਦੇਣ ਲਈ ਹਰੇਕ ਨਾਂਵ ਨਾਲ ਸਬੰਧਤ ਗੁਰਬਾਣੀ ਦੀਆਂ ਉਦਾਹਰਣਾਂ ਹੇਠ ਦਿਤੀਆਂ ਜਾਂਦੀਆਂ ਹਨ।

### (੧) ਖ਼ਾਸ ਨਾਉਂ

ਲਛਣ—ਕਿਸੇ ਵਿਅਕਤੀ, ਅਸਥਾਨ ਜਾਂ ਵਸਤੂ ਦੇ ਨਿਜ਼ੀ ਨਾਮ ਨੂੰ ਪਰਗਟ ਕਰਨ ਵਾਲੇ ਨਾਉਂ ਨੂੰ ਖ਼ਾਸ ਨਾਉਂ ਆਖਦੇ ਹਨ।

ਉਦਾਹਰਣਾਂ—

(ੳ) 'ਨਾਨਕੁ' ਤੂ 'ਲਹਣਾ' ਤੂਹੈ 'ਗੁਰੁ ਅਮਰੁ' ਤੂ ਵੀਚਾਰਿਆ ॥ (੯੬੮)

(ਅ) ਗੁਣ ਗਾਵੈ 'ਰਵਿਦਾਸੁ' ਭਗਤੁ 'ਜੈਦੇਵ' 'ਤ੍ਰਿਲੋਚਨ' ॥ 'ਨਾਮਾ' ਭਗਤੁ 'ਕਬੀਰੁ' ਸਦਾ ਗਾਵਹਿ ਸਮ ਲੋਚਨ ॥ (੧੩੯੦)

(ੲ) ਭਨਿ 'ਮਥੁਰਾ' ਕਛੁ ਭੇਦੁ ਨਹੀ 'ਗੁਰੁ ਅਰਜੁਨੁ' ਪਰਤਖ 'ਹਰਿ' ॥ (੧੪੦੯)

(ਸ) 'ਬੇਗਮਪੁਰਾ' ਸਹਰ ਕੋ ਨਾਉ ॥ (੩੪੫)

(ਹ) 'ਗੰਗਾ' 'ਜਮੁਨਾ' ਕੇਲ 'ਕੇਦਾਰਾ'॥ 'ਕਾਸੀ' 'ਕਾਂਤੀ' 'ਪੁਰੀ ਦੁਆਰਾ' ॥ (੧੦੨੨)

(ਕ) 'ਗੰਗਾ' 'ਜਮੁਨਾ' 'ਗੋਦਾਵਰੀ' 'ਸਰਸੁਤੀ' ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ (੧੨੬੩)

ਵਿਅਕਤੀਆਂ ਦੇ ਖ਼ਾਸ ਨਾਉਂ :— ਨਾਨਕੁ, ਲਹਣਾ, ਗੁਰੁ ਅਮਰੁ, ਰਵਿਦਾਸੁ, ਜੈਦੇਵ, ਤ੍ਰਿਲੋਚਨ, ਨਾਮਾ, ਕਬੀਰੁ, ਮਥੁਰਾ, ਗੁਰੁ ਅਰਜੁਨੁ।

ਅਸਥਾਨਾਂ ਦੇ ਖਾਸ ਨਾਉਂ:—ਬੇਗਮਪੁਰਾ, ਕਾਸੀ, ਕਾਂਤੀ, ਪੁਰੀ-ਦੁਆਰਾ।

ਹੋਰ ਖਾਸ ਨਾਉਂ:—ਗੰਗਾ, ਜਮੁਨਾ, ਗੋਦਾਵਰੀ, ਸਰਸੁਤੀ।

### (੨) ਜਾਤੀ ਨਾਉਂ

ਲਛਣ:—ਗਿਣਤੀ ਵਿਚ ਆਉਣ ਵਾਲੀਆਂ ਇਕੋ ਕਿਸਮ ਦੀਆਂ ਜਾਨਦਾਰ ਵਿਅਕਤੀਆਂ ਅਤੇ ਬੇਜਾਨ ਚੀਜ਼ਾਂ ਦੀ ਸਮੁੱਚੀ ਜਾਤੀ (Class) ਅਤੇ ਉਸ ਜਾਤੀ (Class) ਦੀ ਹਰੇਕ ਚੀਜ਼ ਲਈ ਸਾਂਝੇ ਵਰਤੇ ਜਾਣ ਵਾਲੇ ਨਾਉਂ ਨੂੰ 'ਜਾਤੀ ਨਾਉਂ' ਆਖਦੇ ਹਨ।

ਉਦਾਹਰਣਾਂ—

(ੳ) 'ਮਾਨੁਖੁ' ਬਿਨੁ ਬੂਝੇ ਬਿਰਥਾ ਆਇਆ ॥ (੭੧੨)



www.AKJ.Org

(ਅ) 'ਮਾਨੁਖ' 'ਬਨੁ' 'ਤਿਨੁ' 'ਪਸੂ' 'ਪੰਖੀ'
ਸਗਲ ਤੁਝਹਿ ਅਰਾਧਤੇ ॥ (੪੫੫)

(ਬ) 'ਪਸੂ', 'ਖੰਖੀ' 'ਸੈਲ' 'ਤਰਵਰ' ਗਣਤ
ਕਛੂ ਨ ਆਵਏ ॥ (੭੦੫)

(ਸ) 'ਮਾਈ' 'ਬਾਪ' 'ਪੁਤ੍ਰ' ਸਭਿ ਹਰਿ ਕੇ
ਕੀਏ ॥ (੪੯੪)

ਉਪ੍ਰੋਕਤ ਤੁਕਾਂ ਵਿਚ ਮਾਨੁਖ, ਬਨੁ, ਤਿਨੁ, ਪਸੂ, ਪੰਖੀ, ਸੈਲ [ਪੱਥਰ, ਪਹਾੜ] ਤਰਵਰ [ਰੁਖ] ਮਾਈ, ਬਾਪ, ਪੁਤ੍ਰ, ਇਹ ਸਾਰੇ 'ਜਾਤੀ ਨਾਵ' ਹਨ।

## (੩) ਇਕੱਠ-ਵਾਚਕ ਨਾਉਂ–

ਲਛਣ:–ਇਕੋ ਕਿਸਮ ਦੇ ਵਿਅਕਤੀਆਂ ਦੇ ਇਕੱਠ, ਜਾਨਦਾਰ ਜੰਤੂਆਂ ਦੇ ਇਕੱਠ ਜਾਂ ਬੇਜਾਨ ਵਸਤੂਆਂ ਦੇ ਇਕੱਠ ਲਈ ਵਰਤੇ ਜਾਣ ਵਾਲੇ ਸਾਂਝੇ ਨਾਉਂ ਨੂੰ 'ਇਕੱਠ-ਵਾਚਕ' ਨਾਉਂ ਆਖਦੇ ਹਨ।

ਉਦਾਹਰਣਾਂ :–

(ੳ) 'ਸਤਸੰਗਤਿ' ਊਤਮ ਸਤਿਗੁਰ ਕੇਰੀ ਗੁਨ
ਗਾਵੈ ਹਰਿ ਪ੍ਰਭ ਕੇ ॥ (੭੩੧)

(ਅ) 'ਦੁਸਟ ਸਭਾ' ਮਿਲਿ ਮੰਤਰ ਉਪਾਇਆ
ਕਰਸਹ ਅਉਧ ਘਨੇਰੀ ॥ (੧੧੬੫)

(ਬ) 'ਫਉਜ' ਸਤਾਣੀ ਹਾਠ ਪੰਚਾ ਜੋੜੀਐ ॥
(੫੨੨)

(ਸ) ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ
ਵਤੈ ਗਲਾ' ॥ (੧੫੦)

(ਹ) ਥਾਨੁ ਸੁਹਾਵਾ ਪਵਿਤੁ ਹੈ ਜਿਥੈ
'ਸੰਤ ਸਭਾ' ॥ (੪੪)

(ਕ) ਮਨਮੁਖਿ ਬੰਨਿ ਚਲਾਈਅਹਿ ਨ ਮਿਲਹੀ
ਵਗਿ' ਸਗਿ ॥ (੧੪੧੩)

ਉਪ੍ਰੋਕਤ ਤੁਕਾਂ ਵਿਚ ਸਤ-ਸੰਗਤਿ, ਦੁਸਟ ਸਭਾ, ਫਉਜ, ਗਲਾ (ਇਜੜ, ਸਮੂਹ , ਸੰਤ-ਸਭਾ, ਵਗ– ਇਹ ਸਾਰੇ ਸ਼ਬਦ ਇਕੱਠ-ਵਾਚਕ ਨਾਉਂ ਹਨ।

## (੪) ਪਦਾਰਥ-ਵਾਚਕ ਨਾਉਂ:–

ਲਛਣ–ਜਿਸ ਸ਼ਬਦ ਤੋਂ ਕਿਸੇ ਤੋਲ ਜਾਂ ਮਿਣਤੀ ਵਿਚ ਆਉਣ ਵਾਲੇ ਪਦਾਰਥ ਦਾ ਗਿਆਨ ਹੋਵੇ ਉਸ ਨੂੰ 'ਪਦਾਰਥ-ਵਾਚਕ' ਨਾਉਂ ਆਖਦੇ ਹਨ।

ਉਦਾਹਰਣਾਂ–

(ੳ) ਫਰੀਦਾ 'ਸਕਰ' ਖੰਡੁ' 'ਨਿਵਾਤ' 'ਗੁੜੁ'
'ਮਾਖਿਉ' 'ਮਾਂਝਾ ਦੁਧੁ' ॥ ਸਭੇ ਵਸਤੂ
ਮਿਠੀਆਂ ਰਬ ਨ ਪੁਜਨਿ ਤੁਧੁ ॥ ੧੩੭੯)

(ਅ) ਕਿਨਹੀ ਬਨਜਿਆ 'ਕਾਂਸੀ' 'ਤਾਂਬਾ' ਕਿਨ
ਹੀ 'ਲਉਗ' 'ਸੁਪਾਰੀ' ॥ (੧੧੨੩)

(ਬ) ਕਿਆ 'ਮੇਵਾ' ਕਿਆ 'ਘਿਉ' 'ਗੁੜੁ' ਮਿਠਾ'
ਕਿਆ 'ਮੈਦਾ' ਕਿਆ 'ਮਾਸੁ' ॥
ਕਿਆ 'ਕਪੜੁ' ਕਿਆ ਸੇਜ ਸੁਖਾਲੀ
ਕੀਜਹਿ ਭੋਗ ਬਿਲਾਸ ॥ (੧੪੨)

ਰਸੁ 'ਸੁਇਨਾ' ਰਸੁ 'ਰੁਪਾ' ਕਾਮਣਿ
ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ, ਰਸੁ ਸੇਜਾ ਮੰਦਰ
ਰਸੁ 'ਮੀਠਾ' ਰਸੁ 'ਮਾਸੁ' ॥ (੧੫)

ਉਪ੍ਰੋਕਤ ਤੁਕਾਂ ਵਿਚ ਸਕਰ, ਖੰਡ, ਨਿਵਾਤ, ਗੁੜੁ, ਮਾਖਿਉ, ਮਾਝਾ ਦੁਧੁ, ਕਾਂਸੀ, ਤਾਂਬਾ, ਲਉਗ, ਸੁਪਾਰੀ, ਮੇਵਾ, ਘਿਉ, ਗੁੜੁ, ਮਿਠਾ, ਮੈਦਾ, ਮਾਸੁ, ਕਪੜੁ, ਸੁਇਨਾ, ਰੁਪਾ–ਇਹ ਸਾਰੇ ਸ਼ਬਦ ਪਦਾਰਥ-ਵਾਚਕ ਨਾਂਵ ਹਨ।

## (੫) ਭਾਵ -ਵਾਚਕ ਨਾਉਂ

ਲੱਛਣ–ਕਿਸੇ ਗੁੰਣ, ਹਾਲਤ ਅਤੇ ਕਰਮ ਦੇ ਅਧਾਰ ਦੇ ਬਣੇ ਨਾਂਵ; ਜੋ ਕਿਸੇ ਅਜਿਹੀ ਹੋਂਦ ਦਾ ਸੰਕੇਤ ਕਰਨ ਜਿਸ ਦਾ ਸਥੂਲ ਕੋਈ ਅਕਾਰ ਨਾ ਹੋਵੇ ਅਤੇ ਜਿਸ ਨੂੰ ਦੇਖਿਆ, ਸੁਣਿਆ, ਸੁੰਘਿਆ, ਛੁਹਿਆ ਜਾਂ ਚੱਖਿਆ ਨਾ ਜਾ ਸਕੇ, ਕੇਵਲ ਮਹਿਸੂਸ ਕੀਤਾ ਜਾਵੇ, ਭਾਵ-ਵਾਚਕ ਨਾਂਵ ਆਖੀਦੇ ਹਨ।


www.AKJ.Org

ਉਦਾਹਰਣਾਂ:—

(ੳ) ਨੀਚ ਕੀਚ 'ਨਿਮ੍ਰਿਤ' ਘਨੀ ਕਰਨੀ ਕਮਲ ਜਮਾਲ ॥ (੧੩੬੪)

(ਅ) ਸੋਈ ਕਰਾਇ ਜੋ ਤੁਧੁ ਭਾਵੈ ॥
ਮੋਹਿ 'ਸਿਆਣਪ' ਕਛੂ ਨ ਆਵੈ (੬੨੬)

(ੲ) ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ 'ਚਤੁਰਾਈ' ॥ (੭੨੨)

(ਸ) 'ਬਾਲ' 'ਜੁਆਨੀ' ਅਰੁ 'ਬਿਰਧਿ' ਫੁਨਿ ਤੀਨਿ ਅਵਸ਼ਥਾ ਜਾਨਿ ॥ (੧੪੨੮)

(ਹ) ਘਰ ਮੰਦਰ 'ਖੁਸੀ' ਨਾਮ ਕੀ
ਨਦਰਿ ਤੇਰੀ ਪਰਵਾਰੁ ॥ (੧੬)

(ਕ) 'ਸਹਜ' ਕੀ ਅਕਥ ਕਥਾ ਹੈ ਨਿਹਾਰੀ ॥
ਤੁਲਿ ਨਹੀ ਚਢੈ ਜਾਇ ਨ ਮੁਕਾਤੀ
'ਹਲੁਕੀ' ਲਗੈ ਨ 'ਭਾਰੀ' ॥(੩੩੩)

(ਖ) ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ 'ਖੇਡਾਰੀ' ॥ ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ 'ਓਡਾਰੀ' ॥(੩੨੨)

(ਗ) 'ਨਿੰਦਾ' 'ਚਿੰਦਾ' ਕਰਹਿ ਪਰਾਈ ਝੂਠੀ 'ਲਾਇਤਬਾਰੀ' ॥ ਵੇਲਿ ਪਰ ਈ ਜੋਹਹਿ ਜੀਅੜੇ ਕਰਹਿ 'ਚੋਰੀ' 'ਬੁਰਿਆਰੀ' ॥ (੧੫੫)

(ਘ) 'ਮਿਠਤ' ਨੀਵੀ ਨਾਨਕਾ 'ਗੁਣ' 'ਚੰਗਿਆਈਆ' ਤਤੁ ॥ (੪੭੦)

ਗੁਣਾਂ ਦੇ ਅਧਾਰ ਤੇ ਬਣੇ ਭਾਵ-ਵਾਚਕ ਨਾਵ— ਨਿਮ੍ਰਿਤ, ਸਿਆਣਪ, ਚਤੁਰਾਈ, ਮਿਠਤ, ਗੁਣ, ਚੰਗਿਆਈਆਂ ।

ਹਾਲਤ ਦੇ ਅਧਾਰ ਤੇ ਬਣੇ ਭਾਵ-ਵਾਚਕ ਨਾਂਵ— ਬਾਲ, ਜੁਆਨੀ, ਬਿਰਧਿ, ਖੁਸੀ, ਸਹਜ,ਹਲਕੀ, ਭਾਰੀ ।

ਕਰਮ ਦੇ ਅਧਾਰ ਤੇ ਬਣੇ ਭਾਵ-ਵਾਚਕ ਨਾਂਵ— ਖੇਡਾਰੀ, ਉਡਾਰੀ, ਨਿੰਦਾ, ਚਿੰਦਾ,ਲਾਇਤਬਾਰੀ, ਚੋਰੀ, ਬੁਰਿਆਰੀ ।

## ਨਾਂਵ ਦਾ ਰੂਪਾਂਤਰ [ਰੂਪ ਵਿਚ ਅੰਤਰ]

ਨਾਂਵ ਸ਼ਬਦਾਂ ਦਾ ਤਿੰਨ ਕਾਰਨਾਂ ਕਰਕੇ ਰੂਪਾਂਤਰ ਹੁੰਦਾ ਹੈ, ਭਾਵ ਨਾਂਵ-ਸ਼ਬਦਾਂ ਦੇ ਸਰੂਪ ਵਿਚ ਤਿੰਨ ਗੱਲਾਂ ਕਰਕੇ ਤਬਦੀਲੀ ਵਾਪਰਦੀ ਹੈ:—

(ੳ) ਲਿੰਗ ਕਰਕੇ ।
(ਅ) ਵਚਨ ਕਰਕੇ ।
(ੲ) ਕਾਰਕ ਕਰਕੇ ।

### *ਲਿੰਗ* Gender)

ਲਛਣ--ਲਿੰਗ ਤੋਂ ਭਾਵ ਹੈ 'ਜਿਨਸ' । ਨਾਂਵ ਸ਼ਬਦਾਂ ਦੇ ਰੂਪ ਵਿਚ ਜਿਹੜੀ ਤਬਦੀਲੀ ਮਰਦਾਵੇਂ ਅਤੇ ਜ਼ਨਾਨੇ ਫ਼ਰਕ ਨੂੰ ਪ੍ਰਗਟਾਉਂਦੀ ਹੋਵੇ, ਉਸ ਨੂੰ ਲਿੰਗ ਆਖਦੇ ਹਨ । ਲਿੰਗ ਦੋ ਤਰ੍ਹਾਂ ਦੇ ਹੁੰਦੇ ਹਨ :—

'ਪੁਲਿੰਗ' ਅਤੇ 'ਇਸਤ੍ਰੀ-ਲਿੰਗ' ।

ਨਰ ਬਾਰੇ ਜਾਣਕਾਰੀ ਦੇਣ ਵਾਲੇ ਨਾਂਵ-ਸ਼ਬਦ 'ਪੁਲਿੰਗ ਨਾਂਵ' ਹੁੰਦੇ ਹਨ ਅਤੇ ਮਦੀਨ ਬਾਰੇ ਜਾਣਕਾਰੀ ਦੇਣ ਵਾਲੇ ਨਾਂਵ-ਸ਼ਬਦ 'ਇਸਤ੍ਰੀ-ਲਿੰਗ' ਨਾਂਵ ਸਦਾਂਦੇ ਹਨ ।

ਉਦਾਹਰਣਾਂ

| ਪੁਲਿੰਗ | ਇਸਤ੍ਰੀ ਲਿੰਗ |
|---|---|
| ਪੰਚ ਤਤੁ ਕਰਿ 'ਪੁਤਰਾ' ਕੀਨਾ ॥ (੮੮੪) ਕਿਰਤ ਮਿਲਾਵਾ ਹੋਆ ॥ | 'ਪੁਤਰੀ' ਤੇਰੀ ਬਿਧਿ ਕਰਿ ਥਾਟੀ ॥ (੩੭੪) |
| ਹਉ 'ਪੂਤੁ' ਤੇਰਾ ਤੂੰ ਬਾਪੁ ਮੇਰਾ ॥ (੪੭੬) | ਬੇਦ ਕੀ 'ਪੁਤ੍ਰੀ' ਸਿੰਮ੍ਰਿਤਿ ਭਾਈ ॥ (੩੨੯) |
| ਤੂੰ ਮੇਰਾ 'ਸਖਾ' ਤੂੰਹੀ ਮੇਰਾ ਮੀਤੁ ॥ (੧੮੧) | 'ਸਖੀ' ਸਹੇਲੀ ਗਰਬਿ ਗਹੇਲੀ ॥ (੯੯੦) |
| ਏਕੁ 'ਸੁਆਨੁ' ਦੋਇ ਸੁਆਨੀ ਨਾਲਿ ॥ (੨੪੭) | ਏਕੁ ਸੁਆਨੁ ਦੋਇ'ਸੁਆਨੀ'ਨਾਲਿ ॥(੨੪੭) |
| ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ 'ਸਰਪ' ਜੋਨਿ ਵਲਿ ਵਲਿ ਅਉਤਰੈ ॥ (੫੨੬) | 'ਸਰਪਨੀ' ਤੇ ਊਪਰਿ ਨਹੀ ਬਲੀਆ ॥(੪੮) |



www.AKJ.Org

| | |
|---|---|
| 'ਰਾਗ' ਰ ਗਨੀ ਡਿੰਭ ਹੋਇ ਬੈਠਾ (੬੫੪) | ਰਾਗ 'ਰਾਗਨੀ' ਡਿੰਭ ਹੋਇ ਬੈਠਾ [੬੫੪] |
| ਉਨਿ ਹਰਿ ਪਹਿ ਕਿਆ ਲੀਨਾ ॥ | ਉਨਿ ਹਰਿ ਪਹਿ ਕਿਆ ਲੀਨਾ ॥ |
| ਕਬੀਰ 'ਕੂਕਰੁ' ਰਾਮ ਕੋ (੧੩੬੮) ਮੁਤੀਆ ਮੇਰੋ ਨਾਉ ॥ | ਆਦਿ ਅੰਤੇ ਮਧਿ ਆਸਾ 'ਕੂਕਰੀ' ਬਿਕਰਾਲ ॥ [੫੦੨] |
| ਨਾਨਕ 'ਦਾਸੁ' ਤਾ ਕੈ ਕੁਰਬਾਣੁ ॥ (੮੮੯) | ਸੰਤਾ ਕੀ ਹੋਇ 'ਦਾਸਰੀ' ਇਹੁ ਅਚਾਰਾ ਸਿਖੁ ਰੀ ॥ [੪੦੦] |
| ਉਪ੍ਰੋਕਤ ਤੁਕਾਂ ਵਿਚ ਪੁਤਰਾ, [ਪੁਤਲਾ] ਪੁਤ, ਸਖਾ, ਸੁਆਨ, ਸਰਪ, ਰਾਗ, ਕੂਕਰੁ, ਦਾਸੁ ਪੁਲਿੰਗ ਨਾਂਵ ਹਨ। | ਉਪ੍ਰੋਕਤ ਤੁਕਾਂ ਵਿਚ ਪੁਤਰੀ, [ਪੁਤਲੀ], ਪੁਤਰੀ [ਧੀ], ਸਖੀ, ਸੁਆਨੀ [ਕੁੱਤੀ], ਸਰਪਨੀ, ਰਾਗਨੀ, ਕੂਕਰੀ, ਦਾਸਰੀ ਇਸਤ੍ਰੀ-ਲਿੰਗ ਨਾਂਵ ਹਨ। |

ਨੋਟ :—ਜਿਹੜਾ ਲਿੰਗ ਨਾਂਵ ਦਾ ਹੁੰਦਾ ਹੈ ਉਹੋ ਹੀ ਉਸ ਨਾਲ ਸਬੰਧਤ ਵਿਸ਼ੇਸ਼ਣ, ਪੜਨਾਂਵੀ ਵਿਸ਼ੇਸ਼ਣ ਅਤੇ ਕਿਰਿਆ ਦਾ ਹੁੰਦਾ ਹੈ।

## ਵਚਨ

ਲਛਣ :—ਵਚਨ ਦਾ ਭਾਵ ਹੈ ਕਥਨ। ਨਾਂਵ ਸ਼ਬਦਾਂ ਦੇ ਗਿਣਤੀ ਵਿਚ ਇਕ ਜਾਂ ਬਹੁਤੇ ਹੋਣ ਦੇ ਫ਼ਰਕ ਨੂੰ ਦਰਸਾਉਣ ਵਾਲੀ ਸ਼ਬਦਾਵਲੀ ਨੂੰ 'ਵਚਨ' ਕਹੀਦਾ ਹੈ। ਇਹ ਦੋ ਤਰ੍ਹਾਂ ਦੇ ਹੁੰਦੇ ਹਨ: ਇਕ ਵਚਨ ਅਤੇ ਬਹੁ ਵਚਨ।

ਜਿਸ ਨਾਂਵ-ਸ਼ਬਦ ਅਥਵਾ ਕਥਨ ਤੋਂ ਕੇਵਲ ਇਕ (ਵਿਅਕਤੀ,ਅਸਥਾਨ, ਪਦਾਰਥ, ਹੋਂਦ ਆਦਿ) ਦਾ ਗਿਆਨ ਹੋਵੇ ਉਸ ਨੂੰ 'ਇਕ-ਵਚਨ ਨਾਂਵ' ਆਖਦੇ ਹਨ। ਜਿਸ ਤੋਂ ਇਕ ਤੋਂ ਵਧੇਰਿਆਂ ਦਾ ਗਿਆਨ ਹੋਵੇ ਉਸ ਨੂੰ 'ਬਹੁ-ਵਚਨ ਨਾਂਵ' ਕਿਹਾ ਜਾਂਦਾ ਹੈ।

ਉਦਾਹਰਣਾਂ

| ਇਕ ਵਚਨ | ਬਹੁ ਵਚਨ |
|---|---|
| ੧. ਤੇਰਾ ਏਕੁ 'ਨਾਮੁ' ਤਾਰੇ ਸੰਸਾਰ ॥ (੨੪) | ੧. ਤੇਰੇ 'ਨਾਮ' ਅਨੇਕ ਕੀਮਤ ਨਹੀ ਪਾਈ॥(੧੦੬੭) |
| ੨. ਘਰੁ ਕਾ 'ਕਾਜੁ' ਨ ਜਾਣੀ ਰੂੜਾ ॥(੭੪੪) | ੨. ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ 'ਕਾਜ' ਸਰੇ ॥ (੧੩੬) |
| ੩. ਗੁਰ ਕਾ 'ਸਿਖੁ' ਬਿਕਾਰੁ ਤੇ ਹਾਟੈ ॥(੨੮੬) | ੩. ਭੂਲੇ 'ਸਿਖ' ਗੁਰੂ ਸਮਝਾਏ ॥ (੧੦੩੨) |
| ੪. 'ਤਾਰਾ' ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ ॥ (੧੧੧੦) | ੪. ਭਿੰਨੀ ਰੈਨੜੀਐ ਚਾਮਕਨਿ 'ਤਾਰੇ' ॥ (੪੫੯) |
| ੫. ਦਦਾ 'ਦਾਤਾ' ਏਕੁ ਹੈ ਸਭ ਕਉ ਦੇਵਨਹਾਰੁ ॥ (੨੫੭) | ੫. ਇਕਿ ਦਾਤੇ ਇਕਿ ਮੰਗਤੇ ਆਪੇ ਭਗਤਿ ਕਰਾਈ ॥ (੬੧੨) |
| ਉਪ੍ਰੋਕਤ ਤੁਕਾਂ ਵਿਚ ਨਾਮੁ, ਕਾਜੁ, ਸਿਖੁ,ਤਾਰਾ,ਦਾਤਾ ਇਹ ਸਾਰੇ ਸ਼ਬਦ ਇਕ-ਵਚਨ ਨਾਂਵ ਹਨ। | ਉਪ੍ਰੋਕਤ ਤੁਕਾਂ ਵਿਚ ਨਾਮ, ਕਾਜ, ਸਿਖ, ਤਾਰੇ,ਦਾਤੇ, ਇਹ ਸਾਰੇ ਸ਼ਬਦ ਬਹੁ-ਵਚਨ ਨਾਂਵ ਹਨ। |



www.AKJ.Org

ਉਦਾਹਰਣਾਂ:—

(ੳ) ਨੀਚ ਕੀਚ 'ਨਿਮ੍ਰਿਤ' ਘਨੀ ਕਰਨੀ ਕਮਲ ਜਮਾਲ ॥ (੧੩੬੪)

(ਅ) ਸੋਈ ਕਰਾਇ ਜੋ ਤੁਧੁ ਭਾਵੈ ॥
ਮੋਹਿ 'ਸਿਆਣਪ' ਕਛੂ ਨ ਆਵੈ (੬੨੬)

(ੲ) ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ 'ਚਤੁਰਾਈ' ॥ (੭੨੨)

(ਸ) 'ਬਾਲ' 'ਜੁਆਨੀ' ਅਰੁ 'ਬਿਰਧਿ' ਫੁਨਿ ਤੀਨਿ ਅਵਸਥਾ ਜਾਨਿ ॥ (੧੪੨੮)

(ਹ) ਘਰ ਮੰਦਰ 'ਖੁਸੀ' ਨਾਮ ਕੀ
ਨਦਰਿ ਤੇਰੀ ਪਰਵਾਰੁ ॥ (੧੬)

(ਕ) 'ਸਹਜ' ਕੀ ਅਕਥ ਕਥਾ ਹੈ ਨਿਹਾਰੀ ॥
ਤੁਲਿ ਨਹੀ ਚਢੈ ਜਾਇ ਨ ਮੁਕਾਤੀ
'ਹਲੁਕੀ' ਲਗੈ ਨ 'ਭਾਰੀ' ॥(੩੩੩)

(ਖ) ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ 'ਖੇਡਾਰੀ' ॥ ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ 'ਓਡਾਰੀ' ॥(੩੨੨)

(ਗ) 'ਨਿੰਦਾ' 'ਚਿੰਦਾ' ਕਰਹਿ ਪਰਾਈ ਝੂਠੀ 'ਲਾਇਤਬਾਰੀ' ॥ ਵੇਲਿ ਪਰਾਈ ਜੋਹਹਿ ਜੀਅੜੇ ਕਰਹਿ 'ਚੋਰੀ' 'ਬੁਰਿਆਰੀ' ॥ (੧੫੫)

(ਘ) 'ਮਿਠਤ' ਨੀਵੀ ਨਾਨਕਾ 'ਗੁਣ' 'ਚੰਗਿਆਈਆ' ਤਤੁ ॥ (੪੭੦)

ਗੁਣਾਂ ਦੇ ਅਧਾਰ ਤੇ ਬਣੇ ਭਾਵ-ਵਾਚਕ ਨਾਂਵ—
ਨਿਮ੍ਰਿਤ, ਸਿਆਣਪ, ਚਤੁਰਾਈ, ਮਿਠਤ, ਗੁਣ, ਚੰਗਿਆਈਆਂ।

ਹਾਲਤ ਦੇ ਅਧਾਰ ਤੇ ਬਣੇ ਭਾਵ-ਵਾਚਕ ਨਾਂਵ—
ਬਾਲ, ਜੁਆਨੀ, ਬਿਰਧਿ, ਖੁਸੀ, ਸਹਜ, ਹਲਕੀ, ਭਾਰੀ।

ਕਰਮ ਦੇ ਅਧਾਰ ਤੇ ਬਣੇ ਭਾਵ-ਵਾਚਕ ਨਾਂਵ—
ਖੇਡਾਰੀ, ਉਡਾਰੀ, ਨਿੰਦਾ, ਚਿੰਦਾ, ਲਾਇਤਬਾਰੀ, ਚੋਰੀ, ਬੁਰਿਆਰੀ।

## ਨਾਂਵ ਦਾ ਰੂਪਾਂਤਰ [ਰੂਪ ਵਿਚ ਅੰਤਰ]

ਨਾਂਵ ਸ਼ਬਦਾਂ ਦਾ ਤਿੰਨ ਕਾਰਨਾਂ ਕਰਕੇ ਰੂਪਾਂਤਰ ਹੁੰਦਾ ਹੈ, ਭਾਵ ਨਾਂਵ-ਸ਼ਬਦਾਂ ਦੇ ਸਰੂਪ ਵਿਚ ਤਿੰਨ ਗੱਲਾਂ ਕਰਕੇ ਤਬਦੀਲੀ ਵਾਪਰਦੀ ਹੈ:—

(ੳ) ਲਿੰਗ ਕਰਕੇ।
(ਅ) ਵਚਨ ਕਰਕੇ।
(ੲ) ਕਾਰਕ ਕਰਕੇ।

### *ਲਿੰਗ* Gender)

ਲਛਣ--ਲਿੰਗ ਤੋਂ ਭਾਵ ਹੈ 'ਜਿਨਸ'। ਨਾਂਵ ਸ਼ਬਦਾਂ ਦੇ ਰੂਪ ਵਿਚ ਜਿਹੜੀ ਤਬਦੀਲੀ ਮਰਦਾਵੇਂ ਅਤੇ ਜ਼ਨਾਨੇ ਫ਼ਰਕ ਨੂੰ ਪ੍ਰਗਟਾਉਂਦੀ ਹੋਵੇ, ਉਸ ਨੂੰ ਲਿੰਗ ਆਖਦੇ ਹਨ। ਲਿੰਗ ਦੋ ਤਰ੍ਹਾਂ ਦੇ ਹੁੰਦੇ ਹਨ :—

'ਪੁਲਿੰਗ' ਅਤੇ 'ਇਸਤ੍ਰੀ-ਲਿੰਗ'।

ਨਰ ਬਾਰੇ ਜਾਣਕਾਰੀ ਦੇਣ ਵਾਲੇ ਨਾਂਵ-ਸ਼ਬਦ 'ਪੁਲਿੰਗ ਨਾਂਵ' ਹੁੰਦੇ ਹਨ ਅਤੇ ਮਦੀਨ ਬਾਰੇ ਜਾਣਕਾਰੀ ਦੇਣ ਵਾਲੇ ਨਾਂਵ-ਸ਼ਬਦ 'ਇਸਤ੍ਰੀ-ਲਿੰਗ' ਨਾਂਵ ਸਦਾਂਦੇ ਹਨ।

ਉਦਾਹਰਣਾਂ

| ਪੁਲਿੰਗ | ਇਸਤ੍ਰੀ ਲਿੰਗ |
|---|---|
| ਪੰਚ ਤਤੁ ਕਰਿ 'ਪੁਤਰਾ' ਕੀਨਾ ਕਿਰਤ ਮਿਲਾਵਾ ਹੋਆ ॥ (੮੮੪) | 'ਪੁਤਰੀ' ਤੇਰੀ ਬਿਧਿ ਕਰਿ ਥਾਟੀ ॥ (੩੭੪) |
| ਹਉ 'ਪੂਤੁ' ਤੇਰਾ ਤੂੰ ਬਾਪੁ ਮੇਰਾ ॥ (੪੭੬) | ਬੇਦ ਕੀ 'ਪੁਤ੍ਰੀ' ਸਿੰਮ੍ਰਿਤਿ ਭਾਈ ॥ (੩੨੯) |
| ਤੂੰ ਮੇਰਾ 'ਸਖਾ' ਤੂੰਹੀ ਮੇਰਾ ਮੀਤੁ ॥ (੧੮੧) | 'ਸਖੀ' ਸਹੇਲੀ ਗਰਬਿ ਗਹੇਲੀ ॥ (੯੯੦) |
| ਏਕੁ 'ਸੁਆਨੁ' ਦੋਇ ਸੁਆਨੀ ਨਾਲਿ ॥ (੨੪੭) | ਏਕੁ ਸੁਆਨੁ ਦੋਇ 'ਸੁਆਨੀ' ਨਾਲਿ ॥(੨੪੭) |
| ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ 'ਸਰਪ' ਜੋਨਿ ਵਲਿ ਵਲਿ ਅਉਤਰੈ ॥ (੫੨੬) | 'ਸਰਪਨੀ' ਤੇ ਊਪਰਿ ਨਹੀ ਬਲੀਆ ॥(੪੮) |



www.AKJ.Org

| | |
|---|---|
| 'ਰਾਗ' ਰ ਗਨੀ ਡਿੰਭ ਹੋਇ ਬੈਠਾ (੬੫੪)<br>ਉਨਿ ਹਰਿ ਪਹਿ ਕਿਆ ਲੀਨਾ ॥ | ਰਾਗ 'ਰਾਗਨੀ' ਡਿੰਭ ਹੋਇ ਬੈਠਾ . [੬੫੪]<br>ਉਨਿ ਹਰਿ ਪਹਿ ਕਿਆ ਲੀਨਾ ॥ |
| ਕਬੀਰ 'ਕੂਕਰੁ' ਰਾਮ ਕੋ (੧੩੬੮)<br>ਮੁਤੀਆ ਮੇਰੋ ਨਾਉ ॥ | ਆਦਿ ਅੰਤੇ ਮਧਿ ਆਸਾ 'ਕੂਕਰੀ' ਬਿਕਰਾਲ ॥<br>[੫੦੨] |
| ਨਾਨਕ 'ਦਾਸੁ' ਤਾ ਕੈ ਕੁਰਬਾਣੁ ॥ (੮੮੯) | ਸੰਤਾ ਕੀ ਹੋਇ 'ਦਾਸਰੀ' ਇਹੁ ਅਚਾਰਾ<br>ਸਿਖੁ ਰੀ ॥ [੪੦੦] |
| ਉਪ੍ਰੋਕਤ ਤੁਕਾਂ ਵਿਚ ਪੁਤਰਾ, [ਪੁਤਲਾ] ਪੁਤ, ਸਖਾ, ਸੁਆਨ, ਸਰਪ, ਰਾਗ, ਕੂਕਰੁ, ਦਾਸੁ ਪੁਲਿੰਗ ਨਾਂਵ ਹਨ। | ਉਪ੍ਰੋਕਤ ਤੁਕਾਂ ਵਿਚ ਪੁਤਰੀ, [ਪੁਤਲੀ], ਪੁਤਰੀ [ਧੀ], ਸਖੀ, ਸੁਆਨੀ [ਕੁੱਤੀ], ਸਰਪਨੀ, ਰਾਗਨੀ, ਕੂਕਰੀ, ਦਾਸਰੀ ਇਸਤ੍ਰੀ-ਲਿੰਗ ਨਾਂਵ ਹਨ। |

ਨੋਟ :—ਜਿਹੜਾ ਲਿੰਗ ਨਾਂਵ ਦਾ ਹੁੰਦਾ ਹੈ ਉਹੋ ਹੀ ਉਸ ਨਾਲ ਸਬੰਧਤ ਵਿਸ਼ੇਸ਼ਣ, ਪੜਨਾਂਵੀ ਵਿਸ਼ੇਸ਼ਣ ਅਤੇ ਕਿਰਿਆ ਦਾ ਹੁੰਦਾ ਹੈ।

## ਵਚਨ

ਲਛਣ :—ਵਚਨ ਦਾ ਭਾਵ ਹੈ ਕਥਨ। ਨਾਂਵ ਸ਼ਬਦਾਂ ਦੇ ਗਿਣਤੀ ਵਿਚ ਇਕ ਜਾਂ ਬਹੁਤੇ ਹੋਣ ਦੇ ਫ਼ਰਕ ਨੂੰ ਦਰਸਾਉਣ ਵਾਲੀ ਸ਼ਬਦਾਵਲੀ ਨੂੰ 'ਵਚਨ' ਕਹੀਦਾ ਹੈ। ਇਹ ਦੋ ਤਰ੍ਹਾਂ ਦੇ ਹੁੰਦੇ ਹਨ : ਇਕ ਵਚਨ ਅਤੇ ਬਹੁ ਵਚਨ।

ਜਿਸ ਨਾਂਵ-ਸ਼ਬਦ ਅਥਵਾ ਕਥਨ ਤੋਂ ਕੇਵਲ ਇਕ (ਵਿਅਕਤੀ, ਅਸਥਾਨ, ਪਦਾਰਥ, ਹੋਂਦ ਆਦਿ) ਦਾ ਗਿਆਨ ਹੋਵੇ ਉਸ ਨੂੰ 'ਇਕ-ਵਚਨ ਨਾਂਵ' ਆਖਦੇ ਹਨ। ਜਿਸ ਤੋਂ ਇਕ ਤੋਂ ਵਧੇਰਿਆਂ ਦਾ ਗਿਆਨ ਹੋਵੇ ਉਸ ਨੂੰ 'ਬਹੁ-ਵਚਨ ਨਾਂਵ' ਕਿਹਾ ਜਾਂਦਾ ਹੈ।

ਉਦਾਹਰਣਾਂ

| ਇਕ ਵਚਨ | ਬਹੁ ਵਚਨ |
|---|---|
| ੧. ਤੇਰਾ ਏਕੁ 'ਨਾਮੁ' ਤਾਰੇ ਸੰਸਾਰ ॥ (੨੪) | ੧. ਤੇਰੇ 'ਨਾਮ' ਅਨੇਕ ਕੀਮਤ ਨਹੀ ਪਾਈ॥(੧੦੬੭) |
| ੨. ਘਰੁ ਕਾ 'ਕਾਜੁ' ਨ ਜਾਣੀ ਰੂੜਾ ॥(੭੪੪) | ੨ ਜਿਨਿ ਜਿਨਿ ਨਾਮੁ ਧਿਆਇਆ<br>ਤਿਨ ਕੇ 'ਕਾਜ' ਸਰੇ ॥ (੧੩੬) |
| ੩. ਗੁਰ ਕਾ 'ਸਿਖੁ' ਬਿਕਾਰੁ ਤੇ ਹਾਟੈ ॥(੨੮੬) | ੩. ਭੂਲੇ 'ਸਿਖ' ਗੁਰੂ ਸਮਝਾਏ ॥ (੧੦੩੨) |
| ੪. 'ਤਾਰਾ' ਚੜਿਆ ਲੰਮਾ ਕਿਉ ਨਦਰਿ<br>ਨਿਹਾਲਿਆ ਰਾਮ ॥ (੧੧੧੦) | ੪. ਭਿੰਨੀ ਰੈਨੜੀਐ ਚਾਮਕਨਿ 'ਤਾਰੇ' ॥ (੪੫੯) |
| ੫, ਦਦਾ 'ਦਾਤਾ' ਏਕੁ ਹੈ<br>ਸਭ ਕਉ ਦੇਵਨਹਾਰੁ ॥ (੨੫੭) | ੫. ਇਕਿ ਦਾਤੇ ਇਕਿ ਮੰਗਤੇ<br>ਆਪੇ ਭਗਤਿ ਕਰਾਈ ॥ (੯੧੨) |
| ਉਪ੍ਰੋਕਤ ਤੁਕਾਂ ਵਿਚ ਨਾਮੁ, ਕਾਜੁ, ਸਿਖੁ, ਤਾਰਾ, ਦਾਤਾ ਇਹ ਸਾਰੇ ਸ਼ਬਦ ਇਕ-ਵਚਨ ਨਾਂਵ ਹਨ। | ਉਪ੍ਰੋਕਤ ਤੁਕਾਂ ਵਿਚ ਨਾਮ, ਕਾਜ, ਸਿਖ, ਤਾਰੇ, ਦਾਤੇ, ਇਹ ਸਾਰੇ ਸ਼ਬਦ ਬਹੁ-ਵਚਨ ਨਾਂਵ ਹਨ। |


www.AKJ.Org

ਨੋਟ :—(ੳ) ਗੁਰਬਾਣੀ ਦੀ ਲਿਖਾਈ ਵਿਚ ਮੁਕਤਾ-ਅੰਤ ਪੁਲਿੰਗ ਨਾਂਵ ਆਪਣੇ ਅਸਲੀ (ਮੁਕਤਾ) ਰੂਪ ਵਿਚ ਬਹੁ-ਵਚਨ ਹੁੰਦੇ ਹਨ ਅਤੇ ਉਹਨਾਂ ਦੇ ਅੰਤਲੇ ਅਖਰ ਨੂੰ (ੁ) ਔਂਕੜ ਲਾਇਆਂ ਉਹ ਇਕ ਵਚਨ ਨਾਂਵ ਬਣ ਜਾਂਦੇ ਹਨ।

ਮੁਕਤਾ-ਅੰਤ ਨਾਂਵ :—ਭਾਵ ਅਜਿਹੇ ਨਾਂਵ, ਜਿਨ੍ਹਾਂ ਦੇ ਅੰਤਲੇ-ਅੱਖਰ ਨੂੰ ਕੋਈ ਲਗ ਨਾ ਹੋਵੇ—

ਪ੍ਰਭ, ਸੰਤ, ਫੁਲ, ਪੁਰਖ, ਦਾਸ।

| ਇਕ ਵਚਨ | ਬਹੁ ਵਚਨ |
|---|---|
| ਪ੍ਰਭੁ, ਸੰਤੁ, ਫੁਲੁ, ਪੁਰਖੁ ਦਾਸੁ। | ਪ੍ਰਭ, ਸੰਤ, ਫੁਲ, ਪੁਰਖ ਦਾਸ। |

ਨੋਟ—(ਅ) ਵਿਸ਼ੇਸ਼ਣ, ਪੜਨਾਂਵੀ ਵਿਸ਼ੇਸ਼ਣ ਅਤੇ ਕਿਰਿਆ ਦਾ ਵਚਨ ਉਹੋ ਹੀ ਹੁੰਦਾ ਹੈ ਜਿਹੜਾ ਉਨ੍ਹਾਂ ਨਾਲ ਸਬੰਧਤ ਨਾਂਵ ਦਾ ਹੋਵੇ। ਇਸ ਲਈ ਕਿਸੇ ਨਾਂਵ ਬਾਰੇ ਨਿਰਣਾ ਕਿ ਉਹ ਨਾਂਵ ਇਕ ਵਚਨ ਹੈ ਜਾਂ ਬਹੁ-ਵਚਨ, ਉਸ ਨਾਂਵ ਦੇ ਆਪਣੇ ਸਰੂਪ ਅਤੇ ਉਸ ਨਾਲ ਸਬੰਧਤ ਵਿਸ਼ੇਸ਼ਣ ਅਤੇ ਕਿਰਿਆ ਦੇ ਸਰੂਪ ਤੋਂ ਹੋ ਸਕਦਾ ਹੈ। (ਚਲਦਾ)

---

# ਗੁਰਮਤਿ ਪ੍ਰਚਾਰ ਅਤੇ ਅੰਮ੍ਰਿਤ-ਸੰਚਾਰ

੧੯੭੮ ਦੇ ਵੈਸਾਖੀ ਕਾਂਡ ਦੇ ੧੩ ਮਹਾਨ ਸ਼ਹੀਦਾਂ ਦੀਆਂ ਸ਼ਹੀਦੀਆਂ ਪਰਵਾਨ ਪਈਆ ਹਨ, ਜੋ ਕੌਮ ਨੂੰ ਹਲੂਣਾ ਦੇ ਗਈਆਂ ਹਨ। ਸ਼ਹੀਦ ਭਾਈ ਫ਼ੌਜਾ ਸਿੰਘ ਦੀ ਅੰਤਲੀ ਪ੍ਰਬਲ ਇੱਛਾ ਅਨੁਸਾਰ ਪਿੰਡੋ ਪਿੰਡ ਗੁਰਮਤਿ ਪ੍ਰਚਾਰ ਕਰਨ ਲਈ, ਸ਼ਹੀਦ ਭਾਈ ਫ਼ੌਜਾ ਸਿੰਘ ਜੀ ਦੀ ਸਿੰਘਣੀ ਬੀਬੀ ਅਮਰਜੀਤ ਕੌਰ ਅਤੇ ਸ਼ਹੀਦਾਂ ਦੇ ਸੰਗੀ-ਸਾਥੀ ਨਿਰਮਾਣ ਸੇਵਕਾਂ ਨੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਬਣਾਇਆ ਹੈ—

੩੦ ਸਤੰਬਰ ਸਵੇਰੇ ਸ਼ਹੀਦਾਂ ਦੇ ਸਸਕਾਰ-ਅਸਥਾਨ (ਗੁ: ਸ੍ਰੀ ਰਾਮਸਰ ਸਾਹਿਬ ਦੇ ਸਾਹਮਣੇ) ਸ੍ਰੀ ਅਖੰਡਪਾਠ ਦੇ ਭੋਗ ਅਤੇ ਕੀਰਤਨ। ੩੦ ਸਤੰਬਰ ਰਾਤ ਰੈਣ ਸਬ ਈ ਕੀਰਤਨ ਅਤੇ ਅੰਮ੍ਰਿਤ-ਸੰਚਾਰ ਪਿੰਡ ਪਖੋਕੇ ਜ਼ਿਲਾ ਅੰਮ੍ਰਿਤਸਰ।

ਅਕਤੂਬਰ ੧ ਸ਼ਾਮ ਗੁ: ਸੋਹਲ (ਗੁਰਦਾਸਪੁਰ),੨ ਸਵੇਰੇ—ਮਹਾਂਦੇਵ ਕਲਾਂ(ਗੁਰਦਾਸਪੁਰ),੨ ਸ਼ਾਮ ਤੇ ੩ ਸਵੇਰੇ ਭਾ: ਮੰਗਲ ਸਿੰਘ ਪਿੰਡ ਕੌਰ (ਗੁਰਦਾਸਪੁਰ), ੩ ਸ਼ਾਮ ਤੇ ੪ ਸਵੇਰੇ ਸ਼ਹੀਦ ਭਾ. ਗੁਰਦਿਆਲ ਸਿੰਘ ਦੇ ਪਿੰਡ ਮੋਦੇ (ਅੰਮ੍ਰਿਤਸਰ), ੪ ਸ਼ਾਮ ਤੇ ੫ ਸਵੇਰੇ ਗੁਰੂ ਬਾਬੇ ਕੀ ਕੁਲੀ ਛੀਨਾ (ਅੰਮ੍ਰਿਤਸਰ), ੫ ਸ਼ਾਮ ਤੇ ੬ ਸਵੇਰੇ ਮਟੀਆਂ (ਅੰਮ੍ਰਿਤਸਰ), ੬ ਸ਼ਾਮ ਜੌਂਸ (ਅੰਮ੍ਰਿਤਸਰ), ੭ ਸਵੇਰੇ ਮੁਹਾਰ (ਅੰਮ੍ਰਿਤਸਰ), ੭ ਸ਼ਾਮ ਰੈਣ ਸਬਾਈ ਕੀਰਤਨ ਮੂਲੀਆਂ ਵਾਲਾ (ਲਾਗੇ ਧਾਰੀਵਾਲ), ੮ ਸਵੇਰੇ ਹੋਠੀਆਂ (ਦੁਪਹਿਰ ਤਕ ਗੁਰਮਤਿ ਸਮਾਗਮ); ੮ ਸ਼ਾਮ ਗੁ: ਸ੍ਰੀ ਰਾਮਸਰ ਸਾਹਿਬ, ੯ ਸ਼ਾਮ ਤੇ ੧੦ ਸਵੇਰੇ ਗੁ: ਪਾ: ਛੇਵੀਂ ਸੁਲਤਾਨਪਿੰਡ. ੧੦ ਸ਼ਾਮ ਤੇ ੧੧ ਸਵੇਰੇ ਰਾਜਸਾਂਸੀ, ੧੧ ਸ਼ਾਮ ਤੇ ੧੨ ਸਵੇਰ ਜਗਦੇਵ ਕਲਾਂ (ਅੰਮ੍ਰਿਤਸਰ), ੧੨ ਸ਼ਾਮ ਤੇ ੧੩ ਸਵੇਰ ਭੈਣੀ (ਅੰਮ੍ਰਿਤਸਰ); ੧੩ ਸ਼ਾਮ ਤੇ ੧੪ ਸਵੇਰੇ ਰੋੜਾਂ ਵਾਲੀ (ਨੇੜੇ ਵਾਘਾ ਬਾਰਡਰ)।

ਇਹ ਪ੍ਰੋਗਰਾਮ ਪਿੰਡਾਂ ਦੇ ਗੁਰਦੁਆਰਿਆਂ ਵਿਖੇ ਸਵੇਰੇ ਪੰਜ ਤੋਂ ਸਾਢੇ ਸਤ ਅਤੇ ਸ਼ਾਮ ਨੂੰ ੭ ਤੋਂ ੧੦ ਤਕ ਹੋਣਗੇ। ਇਲਾਕੇ ਦੀਆਂ ਸੰਗਤਾਂ ਹਾਜ਼ਰੀਆਂ ਭਰ ਕੇ ਆਪਣਾ ਜਨਮ ਸਫ਼ਲਾ ਕਰਨ।

ਪੁਛ ਗਿਛ—੧. ਬੀਬੀ ਅਮਰਜੀਤ ਕੌਰ,
੨. ਜਸਵੰਤ ਸਿੰਘ (ਮਾਸਟਰ) ੫੪੨ ਈਸਟ ਮੋਹਨ ਨਗਰ, ਅੰਮ੍ਰਿਤਸਰ।

ਸੰਗਤਾਂ ਦਾ ਦਾਸ—

ਨਿਰੰਜਨ ਸਿੰਘ ਮਾਸਟਰ ਗੁਰਦਾਸਪੁਰ (ਜਥੇਦਾਰ) ਚਲਦਾ ਵਹੀਰ ਅਖੰਡ ਕੀਰਤਨੀ ਜਥਾ ਅੰਮ੍ਰਿਤਸਰ।



www.AKJ.Org

# ਬਾਮਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ

## *ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥*

ਅਜ਼ਲੀ ਹੁਕਮ ਅਨੁਸਾਰ ਸਿਖ ਧਰਮ ਅੰਦਰ ਸ਼ਖਸੀ ਗੁਰਤਾ ਦਾ ਸਿਲਸਿਲਾ ਸ੍ਰੀ ਦਸਮੇਸ਼ ਜੀ ਨੇ ਬੰਦ ਕਰ ਦਿਤਾ ਅਤੇ ਸ਼ਬਦ-ਗੁਰੂ ਦੇ ਸਿਧਾਂਤ ਨੂੰ ਅਮਲੀ ਰੂਪ ਦਿੰਦੇ ਹੋਏ ਗੁਰਤਾ-ਗਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੁਗੋ ਜੁਗ ਅਟੱਲ ਗੁਰਦੇਵ ਹਨ।

ਵਡਿਆਈ ਦੀ ਭੁੱਖ ਬੜੀ ਪ੍ਰਬਲ ਹੈ। ਇਸ ਤੋਂ ਓਹੋ ਬਲੀ ਸੂਰਮਾ ਹੀ ਬਚ ਸਕਦਾ ਹੈ ਜਿਸ ਨੂੰ ਗੁਰਦੇਵ ਦਾ ਥਾਪੜਾ ਮਿਲਿਆ ਹੋਵੇ। ਇਸ ਕੁਚਸਕੇ ਅਧੀਨ ਕਈਆਂ ਅੰਦਰ ਗੁਰੂ ਬਣ ਬਹਿਣ ਦਾ ਝਸ ਕੁਦਿਆ। ਕਈ ਗਦੀਆਂ ਨੇਸਤੋ ਨਾਬੂਦ ਹੋ ਚੁਕੀਆਂ ਹਨ, ਕਈ ਹੋਰ ਉਗਮ ਪਈਆਂ ਹਨ।

ਹੋਰ ਤਾਂ ਹੋਰ, ਦੁਰਾਚਾਰੀ ਅਤੇ ਨਿੰਦਕ ਨਕਲੀ ਨਿਰੰਕਾਰੀ ਲੋਕ ਵੀ ਗੁਰੂ ਬਣ ਬੈਠੇ ਹਨ। ਪਰ ਵੱਡੀ ਹੈਰਾਨੀ ਦੀ ਗੱਲ ਹੈ ਕਿ ਨਾਮਧਾਰੀ ਸੰਪਰਦਾ ਨੇ ਵੀ ਇਸ ਦੁਰਾਚਾਰੀ ਤੇ ਗੁਰ-ਨਿੰਦਕ ਗੁਰਬਚਨ ਸਿੰਘ ਅਤੇ ਉਸ ਦੇ ਚਲਾਏ ਮਤ ਦਾ ਪੱਖ ਪੂਰਿਆ ਹੈ।

ਨਾਮਧਾਰੀ ਸੰਪਰਦਾ ਦਾ ਸਿਖ ਧਰਮ ਨਾਲ ਵਖੇਵਾਂ ਕੇਵਲ ਇਸ ਗੱਲ ਦਾ ਹੈ ਕਿ ਉਹ ਸ਼ਖਸੀ ਗੁਰਤਾ ਨੂੰ ਅਜੇ ਵੀ ਮੰਨਦੇ ਹਨ। ਇਹ ਵਖੇਵਾਂ ਸਮੇਂ ਦੇ ਗੇੜ ਅਤੇ ਸਚਾਈ ਦੇ ਅਹਿਸਾਸ ਨਾਲ ਮਿਟ ਜਾਣਾ ਹੈ, ਜਿਵੇਂ ਅਗੇ ਬੰਦਈਆਂ ਦਾ ਖ਼ਤਮ ਹੋ ਚੁਕਾ ਹੈ। ਉਂਜ ਨਾਮਧਾਰੀ ਵੀਰ ਸਾਰੇ ਗੁਰਬਾਣੀ ਦੇ ਉਪਦੇਸ਼ਾਂ ਨੂੰ ਮਨ ਬਚ ਕਰਮ ਕਰਕੇ ਮੰਨਣ ਤੇ ਕਮਾਵਣ ਦੇ ਮੁਦਈ ਹਨ ਅਤੇ ਸੂਛ ਰਹਿਤ ਬਹਿਤ ਦੇ ਧਾਰਨੀ ਹਨ। ਸਾਨੂੰ ਹੈਰਾਨੀ ਹੈ ਕਿ ਸੂਛ ਜੀਵਨ ਦੀ ਧਾਰਨਾ ਵਾਲੇ ਇਸ ਦੁਰਾਚਾਰੀ ਨਾਲ ਕਿਵੇਂ ਤੇ ਕਿਸ ਆਸ਼ੇ ਨਾਲ ਭਿਆਲੀ ਪਾ ਰਹੇ ਹਨ। ਇਹ ਉਹਨਾਂ ਨੂੰ ਬੜੀ ਮਹਿੰਗੀ ਪਏਗੀ ਤੇ ਬਹੁਤ ਸੰਭਵ ਹੈ ਕਿ ਨਕਲੀ ਨਿਰੰਕਾਰੀਆਂ ਦੀ ਬੇੜੀ ਗੁਰ-ਨਿੰਦਿਆ ਤੇ ਦੁਰਾਚਾਰ ਦੇ ਪਾਪਾਂ ਨਾਲ ਭਰ ਕੇ ਡੁਬਦੀ ਹੋਈ ਨਾਮਧਾਰੀਆਂ ਨੂੰ ਵੀ ਨਾਲ ਲੈ ਡੁਬੇ। ਇਸ ਲਈ ਚੰਗਾ ਹੈ ਕਿ ਨਾਮਧਾਰੀ ਸਜਣ ਬਾਜ਼ ਆ ਜਾਣ ਸਾਕਤਾਂ ਦੀ ਸੰਗਤ ਤੋਂ, ਨਹੀਂ ਤਾਂ ਨਤੀਜੇ ਗੁਰਬਾਣੀ ਨੇ ਕਢ ਕੇ ਰਖੇ ਹੋਏ ਹਨ —

ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ ॥  
ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹ ਪਾਈ ॥  
ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲਭੂਸੇ ਖਾਹੀ ॥  
ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ ॥  
ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ ॥  
ਓਨਾ ਦਾ ਆਖਿਆ ਕੋ ਨਾ ਸੁਣੈ ਨਿਤ ਹਉਲੇ ਹਉਲਿ ਮਰਾਹੀ ॥  
ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ ॥  
ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ ॥  
ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਈ ॥  
ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ ॥... ...

[ਮ: ੪, ਗਉੜੀ ਕੀ ਵਾਰ, ਪੰਨਾ ੩੦੮-੯



www.AKJ.Org

# ਪੰਥ ਅਤੇ ਸ਼੍ਰੋਮਣੀ ਕਮੇਟੀ ਪਾਸ ਦੀਵਾਲੀ ਨਾ ਮਨਾਉਣ ਦੀ ਅਪੀਲ

੧੩ ਅਪ੍ਰੈਲ ੧੯੭੮ ਦੀ ਵੈਸਾਖੀ ਪੁਰਬ ਸਮੇਂ ਨਕਲੀ ਨਿਰੰਕਾਰੀਆਂ ਹਥੋਂ ੧੩ ਗੁਰਸਿਖ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ ਤੇ ਵਡਿਆਈ ਨੂੰ ਕਾਇਮ ਰਖਣ ਖ਼ਾਤਰ ਸ਼ਹੀਦੀਆਂ ਪਾ ਗਏ। ਜਿਸ ਨਾਲ ਸਾਰਾ ਪੰਥ ਹਲੂਣਿਆ ਗਿਆ। ਇਹ ਇਕ ਮਹਾਨ ਦੁਖਦਾਈ ਘਟਨਾ ਹੈ। ਇਸ ਘਟਨਾ ਤੋਂ ਪੈਦਾ ਹੋਏ ਹਾਲਾਤ ਸਾਰੇ ਸਿਖ-ਜਗਤ ਉਤੇ ਲਗਾਤਾਰ ਦੁਖਦਾਈ ਪ੍ਰਭਾਵ ਪਾਈ ਚਲੇ ਆ ਰਹੇ ਹਨ। ਅਜਿਹੇ ਸ਼ੋਕਮਈ ਵਾਤਾਵਰਨ ਵਿਚ ਦੀਵਾਲੀ ਦੇ ਮੌਕੇ ਤੇ ਆਤਸ਼ਬਾਜ਼ੀਆਂ ਤੇ ਉਚੇਚੇ ਸ਼ੋ-ਸ਼ਾਅ ਓਪਰੇ ਤੇ ਕੋੜੇ ਲਗਣਗੇ। ਹਰ ਦੁਖਿਤ ਸਿਖ ਹਿਰਦੇ ਦੀ ਇਹ ਦਿਲੀ ਮੰਗ ਹੈ ਕਿ ਇਸ ਸਮੇਂ ਅਜਾਈਂ ਮਾਇਆ ਫੂਕਣ ਦੀ ਬਜਾਇ ਸ਼ਹੀਦੀ ਫੰਡ ਅਤੇ ਹੋਰ ਪੰਥਕ ਭਲਾਈ ਦੇ ਕਾਰਜਾਂ ਵਿਚ ਵਰਤੀ ਜਾਵੇ।

ਅਸੀਂ ਸਮੂਹ ਪੰਥ ਅਗੇ ਅਪੀਲ ਕਰਦੇ ਹਾਂ ਕਿ ਸਿਖ ਹਿਰਦੇ ਵਲੂੰਦਰੇ ਹੋਏ ਹੋਣ ਕਰਕੇ ਇਸ ਵਾਰੀ ਦੀਵਾਲੀ ਸਮੇਂ ਦੀਪਮਾਲਾ ਤੇ ਆਤਸ਼ਬਾਜ਼ੀ ਨਾ ਚਲਾਈ ਜਾਵੇ। ਅਸੀਂ ਉਚੇਚੇ ਤੌਰ ਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕਰਦੇ ਹਾਂ ਕਿ ਉਹ ਕਮੇਟੀ ਵਲੋਂ ਸਮੂਹ ਪੰਥ ਦੇ ਨਾਂ ਇਸ ਭਾਵ ਦੀ ਅਪੀਲ ਜਾਰੀ ਕਰੇ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਭੀ ਦੀਪਮਾਲਾ ਤੇ ਆਤਸ਼ਬਾਜ਼ੀ ਨਾ ਕੀਤੇ ਜਾਣ ਦਾ ਐਲਾਨ ਕਰੇ।

## *ਅਖੰਡ ਕੀਰਤਨੀ ਜਥੇ ਵਲੋਂ*
# ਪੰਥਕ ਪ੍ਰੋਗਰਾਮ ਵਿਚ ਪੂਰੀ ਮਿਲਵਰਤਣ

ਅਖੰਡ ਕੀਰਤਨੀ ਜੱਥਾ ਪੰਥ ਦੀ ਚੜ੍ਹਦੀ ਕਲਾ ਲਈ ਅਧਰਮ ਨੂੰ ਰੋਕਣ ਲਈ ਸਦਾ ਤੱਤਪਰ ਰਿਹਾ ਹੈ ਅਤੇ ਪੰਥ ਵਲੋਂ ਪੰਥ ਦੀ ਚੜ੍ਹਦੀ ਕਲਾ ਲਈ ਉਲੀਕੇ ਜਾਣ ਵਾਲੇ ਹਰੇਕ ਪ੍ਰੋਗਰਾਮ ਵਿਚ ਯੋਗ ਢੰਗ ਨਾਲ ਮਿਲਵਰਤਣ ਦੇਂਦਾ ਰਹੇਗਾ।

ਨਕਲੀ ਨਿਰੰਕਾਰੀਆਂ ਵਲੋਂ ਪ੍ਰਕਾਸ਼ਤ ਸਾਹਿੱਤ ਅਤੇ ਉਨ੍ਹਾਂ ਦੇ ਵਰਤੋਂ ਵਿਹਾਰ ਤੇ (ਨਕਲੀ) ਨਿਰੰਕਾਰੀ ਮਤ ਦੀ ਪ੍ਰਾਈਵੇਟ ਆਰਮੀ(ਫ਼ੌਜ)ਦੀ ਹੋਂਦ ਤੋਂ ਸਰਕਾਰ ਨੂੰ ਪਤਾ ਲਗ ਜਾਣਾ ਚਾਹੀਦਾ ਹੈ ਕਿ ਇਹ ਕੋਈ ਧਰਮ ਨਹੀਂ, ਸਗੋਂ ਇਹ ਇਕ ਖਰੂਦੀ ਟੋਲਾ ਹੈ। ਨਿਰੰਕਾਰ ਭਵਨ ਕੋਈ ਪ੍ਰਮਾਤਮਾ ਦੀ ਸਿਫ਼ਤ ਸਲਾਹ ਦੇ ਕੇਂਦਰ ਨਹੀਂ, ਸਗੋਂ ਇਹ ਲੋਕਾਂ ਵਿਚ ਭਾਰਤੀ ਧਰਮਾਂ ਵਿਰੁਧ ਘਿਰਣਾ ਅਤੇ ਦੁਰਾਚਾਰ ਫੈਲਾਉਣ ਦੇ ਅੱਡੇ ਹਨ। ਬੜੀ ਹੈਰਾਨਗੀ ਦੀ ਗੱਲ ਹੈ ਕਿ ਇਹ ਸਭ ਕੁਝ ਜਾਣਦਿਆਂ ਹੋਇਆਂ ਸਰਕਾਰ ਅਜੇ ਤਕ ਇਨ੍ਹਾਂ ਦੀਆਂ ਸਰਗਰਮੀਆਂ ਨੂੰ ਰੋਕਣ ਬਾਰੇ ਕੋਈ ਨਿਰਣਾ ਨਹੀਂ ਲੈ ਸਕੀ। ਜੇ ਸਰਕਾਰ ਘਿਰਣਾ ਤੇ ਦੁਰਾਚਾਰ ਦੇ ਇਨ੍ਹਾਂ ਅੱਡਿਆਂ ਨੂੰ ਕਾਇਮ ਦਾਇਮ ਕਰਨ ਵਿਚ ਨਕਲੀ ਨਿਰੰਕਾਰੀਆਂ ਦੀ ਪਿਠ ਥਾਪੜਦੀ ਰਹੇਗੀ ਤਾਂ ਸਾਊ ਜਨਤਾ ਦਾ ਵਿਸ਼ਵਾਸ ਗਵਾ ਲਵੇਗੀ।

ਜਥੇ ਦਾ ਅਦਨਾ ਸੇਵਕ—ਰਾਮ ਸਿੰਘ (ਜਥੇਦਾਰ)

---

# ਖੰਨਾ ਮੰਡੀ ਵਿਖੇ ਮਾਸਕ ਰੈਣ ਸਬਾਈ ਕੀਰਤਨ

ਗੁਰਦਵਾਰਾ ਸਿੰਘ ਸਭਾ ਖੰਨਾ ਵਿਖੇ ੭ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਅਖੰਡ ਕੀਰਤਨੀ ਜਥਿਆਂ ਵਲੋਂ ਹੋ ਰਹੇ ਹਨ। ਇਲਾਕੇ ਦੀਆਂ ਗੁਰਸਿਖ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

ਪੁਛ ਗਿਛ—ਮਾ: ਉਜਾਗਰ ਸਿੰਘ ਖ਼ਾਲਸਾ, ਫਰਵਾਲੀ; ਡਾਕਘਰ ਲੋਹਟਬਦੀ (ਸੰਗਰੂਰ)

ਸੰਗਤਾਂ ਦੇ ਦਾਸਰੇ—ਅਖੰਡ ਕੀਰਤਨ ਜੱਥਾ, ਖੰਨਾ ਮੰਡੀ ਜ਼ਿਲਾ ਲੁਧਿਆਣਾ



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ ਮੈਂਬਰ

ਇਸ ਮਹੀਨੇ ਸ. ਹਰਭਜਨ ਸਿੰਘ ਜੀ M. A, ਅਫ਼ਰੀਕਾ ਦੇ 650/- ਰੁਪਏ ਅਤੇ ਬਾਕੀ ਸਭ ਦੇ ਸੌ ਸੌ ਰੁਪਏ ਪੁੱਜੇ ਹਨ। ਹੇਠ ਲਿਖੇ ਅਨੁਸਾਰ ਬੈਂਕ ਤੋਂ ਐਫ ਡੀਆਂ ਬਣਵਾ ਦਿੱਤੀਆਂ ਗਈਆਂ ਹਨ :—

| | | | | |
|---|---|---|---|---|
| 403. J.W O. ਨੌਨਿਹਾਲ ਸਿੰਘ ਜੀ ਗਿਲ | (ਚਿਟ ਨੰ: | 3403) | 805030/980/78 | ਮਿਤੀ 20. 9. 78 |
| 404. ਸ. ਕੁਲਵੰਤ ਸਿੰਘ ਜੀ ਢਿਲੋਂ ਨਵੀਂ ਦਿੱਲੀ | (,, ,, | 3404) | 805031/981/78 | ,, |
| 405. ਸ. ਕਸ਼ਮੀਰ ਸਿੰਘ S/o ਸ. ਸਵਰਨ ਸਿੰਘ | (,, ,, | 3405) | 805032/982/78 | ,, |
| 406. ਸ. ਜਗਦੇਵ ਸਿੰਘ ਜੀ ਮਿੱਲਰ | (,, ,, | 3406) | 805033/983/78 | ,, |
| 407. ਬੀਬੀ ਇੰਦਰਜੀਤ ਕੌਰ ਜੀ ਤਰਨਤਾਰਨ | (,, ,, | 3407) | 805034/984/78 | ,, |
| 408. ਸ. ਰਘਬੀਰ ਸਿੰਘ ਜੀ ਪਟਵਾਰੀ | (,, ,, | 3408) | 805035/985/78 | ,, |
| 409. ਸ. ਹਰਭਜਨ ਸਿੰਘ-H ਅਹਿਮਦਾਬਾਦ | (,, ,, | 3409) | 805036/986/78 | ,, |
| 410. ਸ. ਹਰਭਜਨ ਸਿੰਘ M.A. ਅਫਰੀਕਾ | (,, ,, | 2025) | 805037/987/78 | ,, |
| 411. ਸ. ਸੰਪੂਰਨ ਸਿੰਘ ਜੀ ਜਲੰਧਰ | (,, ,, | 3411) | 805038/988/78 | ,, |
| 412. ਸ. ਕੁਲਦੀਪ ਸਿੰਘ ਜੀ ਛੇਹਰਟਾ | (,, ,, | 3412) | 805039/989/78 | ,, |
| 413. ਭਾ: ਸੰਤੋਖ ਸਿੰਘ ਜੀ ਕਲਕੱਤਾ | (,, ,, | 3413) | 805040/990/78 | ,, |
| 414. ਸ. ਜੀ. ਬੀ. ਸਿੰਘ ਭਿਲਾਈ | (,, ,, | 3414) | 805041/991/78 | ,, |
| 415. ਸ. ਨਿਰੰਜਨ ਸਿੰਘ ਜੀ ਜੈਪੁਰ | (,, ,, | 3415) | 805042/992/78 | ,, |
| 416. ਖ਼ਾਲਸਾ ਕਲਾਥ ਸਟੋਰ ਪਟਨਾ ਸ਼ਹਿਰ | (,, ,, | 3416) | 805043/993/78 | ,, |
| 417. Cpl ਦਰਸ਼ਨ ਸਿੰਘ A F.C.C ਬੜੌਦਾ | (,, ,, | 3417) | 805044/994/78 | ,, |
| 418. ਸ. ਉਜਾਗਰ ਸਿੰਘ ਸੁਰਿੰਦਰ ਸਿੰਘ | (,, ,, | 3418) | 805045/995/78 | ,, |
| 419. ਸ. ਕੁਲਵੰਤ ਸਿੰਘ ਜੀ ਅੰਮ੍ਰਿਤਸਰ | (,, ,, | 3419) | 805046/996/78 | ,, |

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ | ੩-੦੦ | ਗੁਰਮਤਿ ਨਾਮ ਅਭਿਆਸ ਕਮਾਈ | ੬-੫੦ |
| ਅਣਡਿਠੀ ਦੁਨੀਆ | ੬-੨੫ | ਗੁਰਮਤਿ ਸੱਚ ਨਿਰਣੈ | ੬-੦੦ |
| ਰੰਗਲੇ ਸਜਣ | ੪-੦੦ | ਗੁਰਮਤਿ ਬਿਬੇਕ | ੭-੫੦ |
| ਜੇਲ੍ਹ ਚਿੱਠੀਆਂ (ਮੁਕੰਮਲ) | ਛਪ ਰਹੀ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ਛਪ ਰਹੀ | ਗੁਰਮਤਿ ਪ੍ਰਕਾਸ਼ | ੩-੭੫ |
| ਸਚਖੰਡ ਦਰਸ਼ਨ | ੧-੫੦ | ਗੁਰਮਤਿ ਵਿਚਾਰ | ੫-੫੦ |
| ਚਰਨ ਕਮਲ ਕੀ ਮਉਜ | ੦-੭੫ | ਗੁਰਮਤਿ ਕਰਮ ਫਿਲਾਸਫੀ | ਛਪ ਰਹੀ |
| ਅੰਮ੍ਰਿਤ ਕੀ ਹੈ | ੨-੦੦ | ਗੁਰਮਤਿ ਰਮਜ਼ਾਂ | ੧-੩੦ |
| ਛਪਣ ਵਾਲੀਆਂ—ਅਨਹਦ ਸ਼ਬਦ ਦਸਮ ਦੁਆਰ | | ਕਥਾ ਕੀਰਤਨ | ਜੋਤਿ ਵਿਗਾਸ |
| ਗੁਰਬਾਣੀ ਲਗਾਂ ਮਾਤਰਾ ਦੀ ਵਿਲੱਖਣਤਾ | | ਸੰਤ ਪਦ ਨਿਰਣੈ | ਦਰਸ਼ਨ ਝਲਕਾਂ |
| | | ਝਟਕਾ ਮਾਸ ਪ੍ਰਥਾਇ ਗੁਰਮਤਿ ਤਤ ਨਿਰਣੈ | |
| ਟ੍ਰੈਕਟ—ਸਿਖ ਕੌਣ ਹੈ ? | ੦-੩੦ | ਵਾਹਿਗੁਰੂ ਸਿਮਰਨ | ੦-੩੦ |
| ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੩੫ | ਸਿੰਘਾਂ ਦਾ ਪੰਥ ਨਿਰਾਲਾ | ੦-੫੦ |
| ਬਾਬਾ ਵੈਦ ਰੋਗੀਆਂ ਦਾ | ੦-੩੦ | ਅੰਮ੍ਰਿਤ ਕਲਾ | ੦-੫੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੨੫ | ਸੱਚੀਆਂ ਦਾੜ੍ਹੀਆਂ | ੦-੩੦ |
| ਕੇਸਾ ਦਾ ਰੱਖਣਾ ਕਿਉਂ ਜ਼ਰੂਰੀ ਹੈ | ੦-੨੫ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਗੁਰੂ ਮੇਰੇ ਸੰਗਿ ਸਦਾ ਹੈ ਨਾਲੇ | ੦-੨੫ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |

| | | |
|---|---|---|
| ਕੋ ਵਿਰਲਾ ਗੁਰਮਤਿ ਚਲੈ ਜੀਉ | ਸੰਕਿਆਂ ਤੇ ਉਟੰਕਣਾਂ ਦੇ ਉੱਤਰ | ਨਾਮ ਦਾ ਦਾਤਾ ਸਤਿਗੁਰ |
| ਅਕਾਲ ਪੁਰਖ ਦੇ ਪਰਤੱਖ ਦਰਸ਼ਨ | ਨਾਮ ਸਬੰਧੀ ਵਿਚਾਰ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ਆਸਤਕ ਨਾਸਤਕ | ਸਿਖੀ [illegible] |

www.AKJ.Org

# ਦਿਲੀ ਵਿਖੇ ਸਾਲਾਨਾ ਕੀਰਤਨ ਸਮਾਗਮ

## *8 ਅਕਤੂਬਰ ਐਤਵਾਰ ਸਵੇਰ ਤੋਂ 11 ਅਕਤੂਬਰ 1978 ਬੁਧਵਾਰ ਸਵੇਰ ਤਕ*

ਸਦਾ ਵਾਂਗ ਸਤਿਗੁਰ ਸੱਚੇ ਪਾਤਸ਼ਾਹ ਜੀ ਦੀ ਬਖ਼ਸ਼ਸ਼ ਸਦਕਾ ਗੁਰਪੁਰਵਾਸੀ ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ੭ ਅਕਤੂਬਰ ਸ਼ਾਮ ਨੂੰ ਦਿਲੀ ਪੁਜ ਰਹੇ ਹਨ । ਸਮੂਹ ਗੁਰਮੁਖ ਵੀਰ ਭੈਣਾਂ ਵਧ ਤੋਂ ਵਧ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰੋ ਜੀ ।

### – ਪ੍ਰੋਗਰਾਮ –

| | ਸਵੇਰੇ ਕੀਰਤਨ ਆਸਾ ਦੀ ਵਾਰ | ਸ਼ਾਮ ਸੋਦਰ ਰਹਿਰਾਸ ਤੇ ਕੀਰਤਨ |
|---|---|---|
| ੮ ਅਕਤੂਬਰ | ਗੁ: ਬੰਗਲਾ ਸਾਹਿਬ | ਗੁਰਦਵਾਰਾ ਬੰਗਲਾ ਸਾਹਿਬ |
| ੯ ,, | ਗੁ: ਸੀਸਗੰਜ ਸਾਹਿਬ | ਗੁਰਦਵਾਰਾ ਬੰਗਲਾ ਸਾਹਿਬ |
| ੧੦ ,, | ਗੁ: ਰਕਾਬਗੰਜ ਸਾਹਿਬ | ਰੈਣ ਸਬਾਈ ਰਕਾਬਗੰਜ ਸਾਹਿਬ |

ਅੰਮ੍ਰਿਤ ਸਿੰਚਾਰ—੧੦ ਅਕਤੂਬਰ ਮੰਗਲਵਾਰ ਦੁਪਹਿਰ ਪਿਛੋਂ ਗੁਰਦਵਾਰਾ ਰਕਾਬਗੰਜ ਵਿਖੇ ।

ਨਿਵਾਸ ਅਸਥਾਨ—ਸ੍ਰੀ ਗੁਰੂ ਤੇਗ ਬਹਾਦਰ ਖਾ: ਹਾ: ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀ ਦਿਲੀ ।

ਨੋਟ:—ਬਾਹਰੋਂ ਆਉਣ ਵਾਲੀਆਂ ਸੰਗਤਾਂ ਬਿਸਤਰੇ ਜਰੂਰ ਲਿਆਉਣ ਦੀ ਕਿਰਪਾ ਕਰਨ ।

ਪੁੱਛ ਗਿੱਛ—ਡਾ: ਦਲਬੀਰ ਸਿੰਘ, WZ-143/2 ਉਤਮ ਨਗਰ, ਨਵੀਂ ਦਿਲੀ ।

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜਥਾ, ਦਿਲੀ

## *ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਸੁਪਤਨੀ ਸਮੇਤ*



ਅਸ਼ੋਕ ਜੀ ਪੁਰਾਤਨ ਸਿੰਘ ਸਭੀਆਂ ਵਿਚੋਂ ਹਨ । ਆਪ ਦੀ ਸੁਪਤਨੀ ਅਕਾਲੀ ਲਹਿਰ ਤੋਂ ਪਹਿਲਾਂ ਦੇ ਕੇਸਕੀ ਦੇ ਧਾਰਨੀ ਹਨ ।



www.AKJ.Org